ਮਾਸਿਕ ੧ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ ॥
ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥

NOV 1990

ਨਵੰਬਰ ੧੯੯੦

ਸਭ ਤੋਂ ਵੱਡਾ

ੴ

## ਸਤਿਗੁਰੂ ਨਾਨਕ

## ਜਿਨਿ ਕਲ ਰਾਖੀ ਮੇਰੀ

ਗੁਰੂ ਨਾਨਕ ਪਾਤਿਸ਼ਾਹ ਦੀ ਚਰਨ-ਛੁਹ ਧਰਤੀ ਸੁਲਤਾਨਪੁਰ ਲੋਧੀ ਵਿਖੇ
ਅਖੰਡ ਕੀਰਤਨੀ ਜਥਿਆਂ ਵਲੋਂ 31-10-90 ਤੋਂ 3-11-90 ਤਕ ਪ੍ਰਕਾਸ਼ ਉਤਸਵ ਮਨਾਇਆ ਜਾ ਰਿਹਾ ਹੈ।

www.AKJ.Org

# ਤਤਕਰਾ


| | | |
|---|---|---|
| ਧੰਨ ਸਤਿਗੁਰੂ ਨਾਨਕ (ਇਸ ਸੰਬੰਧ ਵਿਚ ਗੁਰਬਾਣੀ) | ੩ | ਗੂਜਰੀ ਕੀ ਵਾਰ ਮ: ੫ |
| ਅਦ੍ਰਿਸ਼ਟ ਵਾਹਿਗੁਰੂ ਨੂੰ ਲਖਾਵਣਹਾਰੇ ਗੁਰੂ ਨਾਨਕ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਗੁਰ ਨਾਨਕਿ ਸੁੱਤੀ ਹਿੰਦ ਜਗਾਈ | ੯ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਭਾਈ ਨੰਦ ਲਾਲ ਜੀ ਅਨੁਸਾਰ ਗੁਰੂ ਨਾਨਕ ਦੇਵ ਜੀ | ੧੨ | ਗਿਆਨੀ ਜਸਵੰਤ ਸਿੰਘ ਜੀ |
| ਸਤਿਗੁਰ ਨਾਨਕ ਜੀ ਦਾ ਅੰਦਾਜ਼ੇ-ਕਲਾਮ | ੧੪ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| 'ਤਪਤ ਮਾਹਿ ਠਾਢਿ ਵਰਤਾਈ' | ੧੭ | ਪ੍ਰੋਫੈਸਰ ਹਰਨਾਮ ਸਿੰਘ ਜੀ |
| ਗੁਰੂ ਨਾਨਕ ਦਾ ਵਿਸ਼ਵ ਸਿਧਾਂਤ | ੨੦ | ਭਾਈ ਨਰੈਣ ਸਿੰਘ ਜੀ ਐਮ.ਏ. |
| ਕੁਦਰਤੀ ਇਲਾਜ-ਸਾਡੀ ਸਿਹਤ (੧) | ੨੪ | ਡਾਕਟਰ ਉਤਮ ਸਿੰਘ ਜੀ |
| ਨੌਵੇਂ ਸਤਿਗੁਰਿ ਸਰਣਿ ਕੇ ਦਾਤੇ | ੨੮ | ਪ੍ਰਿੰਸੀਪਲ ਸਜਣ ਸਿੰਘ ਜੀ |
| ਭੂਰਿਆਂ ਵਾਲੇ ਰਾਜੇ ਕੀਤੇ (੧੩) | ੩੧ | ਕੈਪਟਨ ਸਵਰਨ ਸਿੰਘ ਜੀ |
| ਸਿਖ ਅਰਦਾਸ ਦੀ ਵਿਸ਼ੇਸ਼ਤਾ | ੩੭ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਸ੍ਰੀ ਗੁਰੂ ਗ੍ਰੰਥ ਸਾਹਿਬ ਸੰਬੰਧੀ ਬਿਆਨ ਬਾਰੇ ਸਪੱਸ਼ਟੀਕਰਨ | ੪੦ | ਜਥੇਦਾਰ ਰਾਮ ਸਿੰਘ ਜੀ |
| ਨਾਨਕ ਜੀ ਪਿਆਰਿਆ ! (ਕਵਿਤਾ) | ੪੧ | ਸ: ਸੁਖਵਿੰਦਰ ਸਿੰਘ ਜੀ |


ਸ੍ਰੀ ਗੁਰੂ ਨਾਨਕ ਦੇਵ ਜੀ ਅਵਤਾਰ ੨ ਨਵੰਬਰ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਿਆਈ ੨੦ ਨਵੰਬਰ ਸ੍ਰੀ ਗੁਰੂ ਤੇਗ ਬਹਾਦਰ ਜੀ ਜੋਤੀ ਜੋਤਿ ੨੨ ਨਵੰਬਰ

ਅਕਤੂਬਰ ੯੦ 'ਸੂਰਾ' ਪੰਨਾ ੨੦, ਸਤਰ ੨੪ ਤੇ ੨੯ ਵਿਚ ਬੀਬੀ ਭਾਨੀ ਦੀ ਥਾਂ ਬੀਬੀ ਰਜਨੀ ਸੋਧ ਲਵੋ।

## ਸੂਰਾ' ਪੱਤਰ ਨੂੰ ਦੋ ਮਹੀਨਿਆਂ ਵਿਚ ਪੁਜੀ ਸਹਾਇਤਾ

| | | | |
|---|---|---|---|
| ਸ. ਚਰਨ ਸਿੰਘ ਔਲਖ, ਵੈਨਕੋਵਰ | ੧੫-੦੦ | ਸੂਬੇਦਾਰ ਜਗਤਾਰ ਸਿੰਘ, ਜੈਣ | ੫੧-੦੦ |
| ਸ. ਕਰਤਾਰ ਸਿੰਘ, ਨਵੀਂ ਦਿਲੀ | ੨੧-੦੦ | ਦਾਸਨ ਦਾਸ, ਜੋਧਪੁਰ | ੫੧ ੦੦ |
| Cpl. ਕੁਲਦੀਪ ਸਿੰਘ, ਬੰਗਲੌਰ | ੧੦੦-੦੦ | ਭਾਈ ਮੋਹਨ ਸਿੰਘ, ਕਾਨਪੁਰ | ੧੫੧ ੦੦ |
| ਭਾਈ ਮੱਖਣ ਸਿੰਘ ਨਵੀਂ ਦਿਲੀ | ੧੦੧-੦੦ | ਸ. ਗੁਰਦੀਪ ਸਿੰਘ, ਮਦਰਾਸ | ੨੩੦ ੦੦ |
| ਸ: ਇੰਦਰ ਮੋਹਨ ਸਿੰਘ, ਦਿਲੀ | ੧੦੦ ੦੦ | ਡਾ: ਕਮਲਰਾਜ ਸਿੰਘ, ਦਿਲੀ | ੧੦੦-੦੦ |
| ਡਾ: ਰਾਜਿੰਦਰ ਸਿੰਘ, ਬਰੇਲੀ | ੫੦-੦੦ | ਗੁਪਤ ਸੇਵਾ | ੨੧-੦੦ |
| ਭਾਈ ਫੌਜਿੰਦਰ ਸਿੰਘ, ਮੁਹਾਲੀ | ੫-੦੦ | ਭਾਈ ਬਚਨ ਸਿੰਘ, ਮਸਕਟ | ੫੦੦ ੦੦ |
| ਗਿ: ਹਰਬੰਸ ਸਿੰਘ ਅਹਿਮਦਗੜ੍ਹ | ੫੧-੦੦ | ਭਾ: ਜਸਬੀਰ ਸਿੰਘ ਮੋਹਾਲੀ (ਸਮਾਗਮ ਚੜ੍ਹਾਵਾ) | ੨੫੧ ੨੦ |
| J.W.O. ਬਲਦੇਵ ਸਿੰਘ, ਗਵਾਲੀਅਰ | ੯੦-੦੦ | | |

| | |
|---|---|
| ਭਾਈ ਕਰਤਾਰ ਸਿੰਘ, ਲੁਧਿਆਣਾ—ਬੀਬੀ ਸੁਸ਼ੀਲ ਕੌਰ ਦੇ ਅੰਤਮ ਭੋਗ ਸਮੇਂ | ੧੦੪ ੦੦ |
| ਪਰਵਾਰ ਭਾਈ ਉਜਾਗਰ ਸਿੰਘ, ਨਵੀਂ ਦਿਲੀ—ਭਾਈ ਉਜਾਗਰ ਸਿੰਘ ਜੀ ਦੀ ਯਾਦ ਵਿਚ | ੨੫੦ ੦੦ |
| ਪਰਵਾਰ ਮਾਤਾ ਲਛਮਣ ਕੌਰ, ਲੁਧਿਆਣਾ—ਮਾਤਾ ਜੀ ਦੀ ਯਾਦ ਵਿਚ | ੨੦੦-੦੦ |
| ਭਾਈ ਕੇਹਰ ਸਿੰਘ ਲੁਧਿਆਣਾ—ਬੀਬੀ ਪਰਮਜੀਤ ਕੌਰ ਦੀ ਯਾਦ ਵਿਚ | ੫੦ ੦੦ |
| ਕਰਨਲ ਕੁਲਵੰਤ ਸਿੰਘ ਅੰਮ੍ਰਿਤਸਰ—ਪੂਜਯ ਬਾਊ ਮੱਲ ਸਿੰਘ ਜੀ ਦੀ ਬਰਸੀ ਸਮੇਂ ਚੜ੍ਹਾਵਾ | ੪੧੧ ੩੫ |
| ਬੀਬੀ ਰਿਪਦੂਮਨ ਕੌਰ ਔਲਖ, ਚੰਡੀਗੜ੍ਹ—ਪੋਤਰੇ ਦੇ ਜਨਮ ਦੀ ਖੁਸ਼ੀ ਵਿਚ | ੧੦੧-੦੦ |

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧-੧੧-੯੦ ਨੂੰ ਪ੍ਰਕਾਸ਼ਤ ਕੀਤਾ।

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


# ਸੂਰਾ

ਮਾਸਕ ਪੱਤਰ

ਸ੍ਰੀ ਅੰਮ੍ਰਿਤਸਰ

ਸਾਲਾਨਾ ਚੰਦਾ

ਦੇਸ ੨੦–੦੦

ਇਕ ਪਰਚਾ ੨–੦੦

ਪਰਦੇਸ (ਸਾਰੇ ਦੇਸ)

ਸਾਲਾਨਾ ਚੰਦਾ

ਸਮੁੰਦਰੀ ਡਾਕ ੫੦–੦੦

ਹਵਾਈ ਡਾਕ ੧੫੦–੦੦

Foreign Subscription

Sea Mail 50-00

Air Mail 150-00

ਅਮਾਨਤੀ

ਲਾਈਫ਼ ਮੈਂਬਰ

ਦੇਸ ੨੦੦–੦੦

ਪਰਦੇਸ (ਸਾਰੇ ਦੇਸ)

ਸਮੁੰਦਰੀ ਡਾਕ ੫੦੦–੦੦

ਹਵਾਈ ਡਾਕ ੧੫੦੦–੦੦

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੪ ਨਵੰਬਰ ੧੯੯੦ ਅੰਕ ੧੧


## ਧੰਨ ਸਤਿਗੁਰੂ ਨਾਨਕ

ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥
ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥
ਨਾਮੁ ਨਿਧਾਨੁ ਅਖੁਟੁ ਗੁਰੁ ਦੇਇ ਦਾਰੂਓ ॥
ਮਹਾ ਰੋਗੁ ਬਿਕਰਾਲ ਤਿਨੈ ਬਿਦਾਰੂਓ ॥
ਪਾਇਆ ਨਾਮੁ ਨਿਧਾਨੁ ਬਹੁਤੁ ਖਜਾਨਿਆ ॥
ਜਿਤਾ ਜਨਮੁ ਅਪਾਰੁ ਆਪੁ ਪਛਾਨਿਆ ॥
ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ ॥
ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ ਅਲਖ ਅਭੇਵ ॥੧੯॥

[ਪਉੜੀ, ਗੂਜਰੀ ਕੀ ਵਾਰ ਮ: ੫, ਪੰਨਾ ੫੨੨




www.AKJ.Org

# ਅਦ੍ਰਿਸ਼ਟ ਵਾਹਿਗੁਰੂ ਨੂੰ ਲਖਾਵਣਹਾਰੇ ਗੁਰੂ ਨਾਨਕ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਤੱਤ ਗੁਰਮਤਿ ਤੋਂ ਘੁਥੀ ਸਭ ਦੁਨੀਆ ਦ੍ਰਿਸ਼ਟਮਾਨ ਪਦਾਰਥਾਂ ਦੇ ਪਿਛੇ ਹੀ ਧਾਂਵਦੀ ਫਿਰਦੀ ਹੈ। ਇਹ ਕੇਵਲ ਗੁਰੂ ਨਾਨਕ ਸਾਹਿਬ ਦੇ ਦਰਸਾਏ ਅਤੇ ਦ੍ਰਿੜ੍ਹਾਏ ਤੱਤ ਗੁਰਮਤਿ ਨਾਮ ਦੇ ਅਭਿਆਸ ਕਮਾਈ ਨੂੰ ਹੀ ਸਮਰੱਥਾ ਹੈ ਕਿ ਅਦ੍ਰਿਸ਼ਟ ਵਾਹਿਗੁਰੂ ਦਾ ਪਰਤੱਖ ਦਰਸ਼ਨ ਕਰਾ ਸਕੇ। ਤੱਤ ਪ੍ਰਮਾਰਥ ਦੇ ਪਾਂਧੀਆਂ ਨੂੰ ਕੇਵਲ ਗੁਰੂ ਨਾਨਕ ਸਾਹਿਬ ਦੇ ਦਰੇ ਦੌਲਤ ਦੇ ਉਤੇ ਹੀ ਟੇਕ ਹੈ। ਵਾਹਿਗੁਰੂ ਨਾਲ ਇਕ-ਮਿਕ ਹੋਏ ਗੁਰੂ ਨਾਨਕ ਸਾਹਿਬ ਧੁਰੋਂ ਵਾਹਿਗੁਰੂ ਦੀ ਦਰਗਾਹੋਂ ਗੁਰਮਤਿ ਨਾਮ ਮਈ ਸੱਚਾ ਪਦਾਰਥ ਅਸਾਂ ਸੰਸਾਰੀਆਂ ਲਈ ਲੈ ਕੇ ਆਏ, ਜਿਸ ਦੇ ਤੁਫ਼ੈਲ ਪ੍ਰਮਾਰਥ ਦੇ ਸਚੇ ਪਾਂਧੀਆਂ, ਗੁਰਮਤਿ ਦੇ ਸਚੇ ਗਾਹਕਾਂ ਨੂੰ ਗੁਰੂ ਨਾਨਕ ਸਾਹਿਬ ਦੇ ਸਦਕੇ, ਅਦ੍ਰਿਸ਼ਟ ਵਾਹਿਗੁਰੂ ਦੇ ਤੱਤ ਦਰਸ਼ਨ ਨਸੀਬ ਹੋ ਸਕਦੇ ਹਨ। ਵਾਹਿਗੁਰੂ ਆਪ ਅਦ੍ਰਿਸ਼ਟ ਹੈ, ਪਰ ਗੁਰਮਤਿ ਤੋਂ ਭੁਲੀ ਹੋਈ ਲੁਕਾਈ ਦਿਸਣ ਵਾਲੇ ਪਦਾਰਥ ਤੇ ਲੱਟੂ ਹੋਈ ਫਿਰਦੀ ਹੈ। ਸੁਣਿਆ ਸੁਣਾਇਆ ਨਾਮ ਕਦਾਚਿਤ ਫਲੀਭੂਤ ਨਹੀਂ ਹੋ ਸਕਦਾ, ਜਦ ਤਾਈਂ ਕਿ ਗੁਰੂ ਨਾਨਕ ਸਾਹਿਬ ਦੀ ਖ਼ਾਸ ਨਜ਼ਰ ਮੇਹਰ ਨਾ ਹੋ ਜਾਵੇ।

ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥੧॥ [ਪੰਨਾ ੪੯੧

ਦੇ ਮਹਾਂਵਾਕ ਅਨੁਸਾਰ ਕੇਵਲ ਗੁਰੂ ਦਾ ਦਰਸਾਇਆ ਦ੍ਰਿੜ੍ਹਾਇਆ ਨਾਮ ਹੀ ਫਲੀਭੂਤ ਹੋ ਸਕਦਾ ਹੈ। ਸਚਾ ਗੁਰੂ, ਵਾਹਿਗੁਰੂ ਦੀ ਦਰਗਾਹੋਂ ਵਰੋਸਾਇਆ ਕੇਵਲ ਗੁਰੂ ਨਾਨਕ ਹੀ ਹੈ। ਵਾਹਿਗੁਰੂ ਅਕਾਲ ਪੁਰਖ ਨੇ ਅਪਾਰ ਕਿਰਪਾ ਕੀਤੀ ਕਿ ਗੁਰੂ ਨਾਨਕ ਸਾਹਿਬ ਜੀ ਨੂੰ ਪਹਿਲਾਂ ਆਪਣੇ ਸਰੂਪ ਨਾਲ ਇਕ-ਮਿਕ ਕੀਤਾ, ਫੇਰ ਵਾਹਿਗੁਰੂ ਨਾਲ ਇਕ-ਮਿਕ ਹੋਏ ਗੁਰੂ ਨਾਨਕ ਸਾਹਿਬ ਨੂੰ ਆਪਣੀ ਧੁਰ ਦਰਗਾਹੋਂ ਐਸਾ ਨਾਮ ਬਖ਼ਸ਼ਿਆ ਕਿ ਜਿਸ ਦੇ ਉਪਰ ਭੀ ਗੁਰੂ ਨਾਨਕ ਸਾਹਿਬ ਜੀ ਦੀ ਨਜ਼ਰ ਮੇਹਰ ਹੋਈ ਓਸੇ ਨੂੰ ਐਸੇ ਗੁਰਮਤਿ ਨਾਮ ਨਾਲ ਸਰਸ਼ਾਰ ਕਰ ਕੇ ਐਸੀ ਕਲਾ ਵਰਤਾਈ ਕਿ ਨਾ-ਦਿਸਣਹਾਰੇ ਅਦ੍ਰਿਸ਼ਟ ਵਾਹਿਗੁਰੂ ਨੂੰ, ਗੁਰਮਤਿ ਨਾਮ ਦੇ ਸਿਮਰਨਹਾਰਿਆਂ ਪ੍ਰਤੀ-ਪਰਤੱਖ ਕਰ ਦਿਤਾ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ ਪ੍ਰਿਥਮ ਤਾਂ ਅਦ੍ਰਿਸ਼ਟ ਵਾਹਿਗੁਰੂ ਨਾਲ ਅਭੇਦ ਅਤੇ ਇਕ-ਮਿਕ ਹੋਣ ਦੀ ਨਦਰਿ ਮੇਹਰ ਹੋਈ। ਦੂਜੀ ਚੁੰਬਕ ਕਲਾ ਇਹ ਵਰਤਾਈ ਕਿ ਗੁਰੂ ਨਾਨਕ ਸਾਹਿਬ ਜੀ ਦੇ ਦਰਸਾਏ ਅਤੇ ਦ੍ਰਿੜ੍ਹਾਏ ਗੁਰਮਤਿ ਨਾਮ ਨੂੰ ਹੀ ਅਦ੍ਰਿਸ਼ਟ ਤੋਂ ਪਰਤੱਖ ਦ੍ਰਿਸ਼ਟਮਾਨ ਕਰਨ ਕਰਾਵਨ ਦੀ ਸਚੀ ਕੁੰਜੀ ਸੌਂਪਾਈ। ਵਾਹਿਗੁਰੂ ਦੀ ਦਰਗਾਹ ਤੋਂ ਗੁਰੂ ਨਾਨਕ ਸਾਹਿਬ ਐਸੇ ਵਰੋਸਾਏ ਹੋਏ ਆਏ ਕਿ ਜਿਸ ਉਪਰ ਭੀ ਗੁਰੂ ਨਾਨਕ ਸਾਹਿਬ ਦੀ ਮੇਹਰ-ਦ੍ਰਿਸ਼ਟੀ ਹੋਈ ਓਸੇ ਵਡਭਾਗੀ ਗੁਰਮੁਖ ਜਨ ਨੂੰ ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਕਰਨ ਦੀ ਸੱਚੀ ਨਦਰਿ ਹੋਈ।

ਗੁਰੂ ਨਾਨਕ ਸਾਹਿਬ ਦੇ ਦਰਸਾਏ ਦ੍ਰਿੜ੍ਹਾਏ ਬਿਹੂਨ ਕਿਸੇ ਭੀ ਪ੍ਰਾਣੀ ਉਤੇ ਇਹ ਨਦਰਿ ਮੇਹਰਾਵੀ ਕਿਰਪਾ ਨਹੀਂ ਹੋ ਸਕਦੀ। ਸਚੇ ਗੁਰਮੁਖਿ, ਮੁਖੀ ਗੁਰੂ, ਗੁਰੂ ਨਾਨਕ ਸਾਹਿਬ ਆਪ ਖ਼ੁਦ ਹੋਏ। ਵਾਹਿਗੁਰੂ ਨੂੰ ਖ਼ੁਦ ਗੁਰੂ ਧਾਰਨ ਕੀਤਾ, ਫਿਰ ਓਸੇ ਗੁਰੂ ਵਾਹਿਗੁਰੂ ਦੀ ਖ਼ਾਸ ਬਖ਼ਸ਼ਸ਼ ਗੁਰੂ ਨਾਨਕ ਸਾਹਿਬ ਜੀ ਉਪਰ ਇਹ ਹੋਈ ਕਿ ਏਸੇ ਕਲਾ-ਕ੍ਰਿਸ਼ਮੀ ਵਾਹਿਗੁਰੂ ਨਾਮ ਦੀ ਬਖ਼ਸ਼ਸ਼ ਦਵਾਰਾ ਹੀ ਗੁਰਮੁਖਿ ਪਾਤ੍ਰੀ ਜਨਾਂ ਦਾ ਏਸੇ ਗੁਰਮੁਖਿ ਦੇ ਪ੍ਰਤਾਪ ਕਰਕੇ ਭਵ-ਸਾਗਰੋਂ ਪਾਰ ਹੋਣ ਦਾ ਧੁਰਵਾ ਬਝਾ। ਜੋ ਗੁਰਮੁਖ ਪ੍ਰਾਣੀ ਗੁਰੂ ਨਾਨਕ ਸਾਹਿਬ ਦਾ ਸੇਵਾ ਸ਼ਰਧਾ ਭਾਵਨੀ ਕਰਕੇ ਸਚਾ ਸਿਖ ਬਣਿਆ, ਕੇਵਲ ਓਸੇ ਵਡਭਾਗੀ ਗੁਰਮੁਖਿ ਜਨ ਉਪਰ ਏਹ ਨਦਰਿ ਮੇਹਰ ਹੋਈ ਕਿ ਗੁਰੂ ਨਾਨਕ ਸਾਹਿਬ ਜੀ ਦੇ ਦਰਸਾਏ ਦ੍ਰਿੜ੍ਹਾਏ ਸਿਮਰਨ ਦੇ ਜ਼ਹੂਰ ਪਜ਼ੀਰ ਹੋਣ ਦੇ ਪਰਤਾਪ ਕਰਕੇ ਹੀ ਅਦ੍ਰਿਸ਼ਟ (ਨ-ਦਿਸਣਹਾਰੇ) ਵਾਹਿਗੁਰੂ ਦੇ ਪਰਤੱਖ ਦਰਸ਼ਨ ਦੀਦਾਰ ਹੋਏ ਅਤੇ ਹੋ ਕੇ ਹੀ ਰਹੇ।



www.AKJ.Org

ਗੁਰੂ ਨਾਨਕ ਸਾਹਿਬ ਦਵਾਰਾ ਵਾਹਿਗੁਰੂ ਕਿਰਪਾਲ ਨਦਰੀ ਨਦਰਿ ਨਿਹਾਲ ਨੇ ਐਸੀ ਚਮਤਕਾਰੀ ਖੇਲ ਵਰਤਾਈ ਕਿ 'ਬਿਨੁ ਸਤਿਗੁਰ ਨਾਮੁ ਨ ਜਾਪੈ' ਵਾਲਾ ਮਨਜ਼ੂਰ-ਏ-ਨਜ਼ਰ ਜ਼ਹੂਰ ਐਸਾ ਹੋਇ ਆਇਆ ਕਿ ਜਿਸ ਜਿਸ ਵਡਭਾਗੇ ਗੁਰਮੁਖਿ ਜਨ ਨੇ ਗੁਰੂ ਨਾਨਕ ਸਾਹਿਬ ਜੀ ਦਾ ਦ੍ਰਿੜ੍ਹਾਇਆ ਦਰਸਾਇਆ ਸਿਮਰਨ ਜ਼ਿਮਰਿਆ, ਕੇਵਲ ਓਸੇ ਉਪਰ ਹੀ ਕ੍ਰਿਸ਼ਮ-ਕੌਤਕੀ-ਕਲਾ ਵਰਤੀ ਕਿ ਗੁਰੂ ਨਾਨਕ ਦ੍ਰਿੜ੍ਹਾਇਆ ਨਾਮ ਜਪ ਜਪ ਕੇ ਉਸ ਵਡਭਾਗੀ ਜਨ ਨੇ ਵਾਹਿਗੁਰੂ ਨੂੰ ਪਰਤੱਖ ਕਰ ਲਿਆ। ਗੁਰੂ ਨਾਨਕ ਸਾਹਿਬ ਜੀ ਤੋਂ ਪਹਿਲਾਂ ਕਿਸੇ ਨੂੰ ਭੀ, ਬੜੇ ਤੋਂ ਬੜੇ ਔਲੀਆਂ ਅੰਬੀਆਂ ਨੂੰ ਭੀ, ਇਹ ਨਦਰਿ ਮੇਹਰ ਨਹੀਂ ਹੋਈ ਕਿ ਅਦ੍ਰਿਸ਼ਟੋਂ ਦ੍ਰਿਸ਼ਟ ਨੂੰ ਦ੍ਰਿਸ਼ਟਮਾਨ ਕਰ ਕਰਾ ਸਕਣ। ਗੁਰੂ ਨਾਨਕ ਸਾਹਿਬ ਦੇ ਦਰਸਾਏ ਦ੍ਰਿੜ੍ਹਾਏ ਗੁਰਮਤਿ ਨਾਮ ਅੰਦਰਿ ਹੀ ਇਹ ਕ੍ਰਿਸ਼ਮ-ਕੌਤਕੀ ਕਲਾ ਹੈ ਕਿ:–

ਹਰਿ ਜਪਿ ਜਪਿ ਅਉਖਧ ਖਾਧਿਆ ਸਭਿ ਰੋਗ ਗਵਾਤੇ ਦੁਖਾ ਘਾਣਿ ॥੨੨॥ [ਪੰਨਾ ੬੫੧

ਵਾਲਾ ਕੇਵਲ ਕਉਤਕੀ ਜ਼ਹੂਰ ਪਜ਼ੀਰ ਹੀ ਨਹੀਂ ਹੋਇਆ, ਬਲਕਿ ਉਸ ਨੂੰ ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ ਪ੍ਰਾਪਤ ਹੋਏ। ਗੁਰੂ ਨਾਨਕ ਸਾਹਿਬ ਵਾਹਿਗੁਰੂ ਦੀ ਦਰਗਾਹ ਤੋਂ ਇਹ ਦੂਹਰਾ ਨਦਰਿ ਮਿਹਰੰਮਤੀ ਪਰਤਾਪ ਲੈ ਕੇ ਆਏ ਕਿ ਇਕ ਤਾਂ ਗੁਰੂ ਨਾਨਕ ਸਾਹਿਬ ਖ਼ੁਦ ਵਾਹਿਗੁਰੂ ਸੇਤੀ ਸਾਖਸ਼ਾਤ ਅਭੇਦ ਹੋਏ, ਦੂਜੇ ਵਾਹਿਗੁਰੂ ਨੂੰ ਹੀ ਗੁਰੂ ਧਾਰਨ ਕਰਕੇ ਵਾਹਿਗੁਰੂ ਪਾਸੋਂ ਹੀ ਇਹ ਗੁਰ-ਮੰਤਰਾਵੀ ਸਚੀ ਦਾਤਿ-ਇਲਾਹੀ ਪਾਈ। ਦਾਤਿ ਇਲਾਹੀ ਦੁਆਰਾ ਹਰ ਇਕ ਗੁਰ-ਨਦਰਿ-ਪਾਤਰੀ-ਗੁਰਮੁਖਿ ਜਨ ਨੂੰ ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ ਕਰਾਏ। ਇਸ ਗੱਲ ਵਿਚ ਰੰਚਕ ਵੀ ਸੰਦੇਹ ਨਹੀਂ ਕਿ ਗੁਰੂ ਨਾਨਕ ਸਾਹਿਬ ਜੀ ਦੇ ਗੁਰ-ਮੰਤਰਾਏ ਸੱਚੇ ਵੇਦਾਂਤੀ ਹਕੀਕਤ ਦਾ ਜੋ ਗੁਰਮੁਖਿ ਜਨ ਨਦਰਿ ਪਾਤਰੀ ਬਣਿਆ, ਤਿਸੇ ਨੂੰ ਜ਼ਰੂਰ-ਬਰ-ਜ਼ਰੂਰ ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨਾਂ ਦਾ ਜ਼ਹੂਰ ਪ੍ਰਾਪਤ ਹੋਇਆ। ਗੁਰੂ ਨਾਨਕ ਸਾਹਿਬ ਦੀ ਬਾਰਗਾਹਿ ਇਲਾਹੀ ਤੋਂ ਜਿਸ ਜਨ ਨੇ ਸੱਚ ਗੁਰਮੰਤਰ ਦੀ ਦਾਤਿ ਪਾਈ, ਓਹ ਤਤਕਾਲ ਹੀ ਨਾਮ ਜਪਣ ਲਗ ਪਿਆ ਅਤੇ ਨਾਮ ਜਪ ਕੇ ਉਸ ਦੇ ਅੰਦਰੋਂ ਹੀ ਐਸੀ ਤੱਤ ਜੋਤਿ ਜ਼ਹੂਰ ਪਜ਼ੀਰ ਹੋਈ, ਜਿਸ ਜੋਤਿ ਦੇ ਅੰਤਰਗਤੀ ਪਰਗਟ ਹੋਣ ਸਾਰ ਹੀ ਉਸ ਨੂੰ ਅਦ੍ਰਿਸ਼ਟ ਵਾਹਿਗੁਰੂ ਦੇ ਨਿਕਟੀ ਦਰਸ਼ਨ ਹੋਣ ਲਗ ਪਏ ਅਤੇ ਐਸੇ ਹੋਏ ਕਿ ਕਦੇ ਭੀ ਦੂਰ ਹੋਣੇ ਨਾ ਪਾਏ। ਸਦ ਹਜ਼ੂਰੀ, ਜ਼ਾਹਿਰ ਜ਼ਹੂਰੀ ਦਰਸ਼ਨਾਂ ਦੀ ਨਿਕਟੀ ਦਾਤਿ ਗੁਰੂ ਨਾਨਕ ਸਾਹਿਬ ਦੇ ਨਦਰਿ ਪਾਤਰਾਂ ਨੂੰ ਹੀ ਨਸੀਬ ਹੁੰਦੀ ਹੈ। ਗੁਰੂ ਨਾਨਕ ਸਾਹਿਬ ਜੀ ਨੇ ਇਹ ਨਦਰਿ-ਪਾਤਰੀ ਧਰੁਵਾ ਆਪਣੇ ਦਸੇ ਗੁਰੂ ਜਾਮਿਆਂ ਅੰਦਰ ਐਸਾ ਵਰਤਾਇਆ ਕਿ :–

ਕਹੁ ਨਾਨਕ ਗੁਰ ਬਿਨੁ ਨਹੀ ਸੂਝੈ ਹਰਿ ਸਾਜਨੁ ਸਭ ਕੈ ਨਿਕਟਿ ਖੜਾ ॥੧॥

[ਰਾਮਕਲੀ ਮ: ੫ ਛੰਤ, ਪੰਨਾ ੯੨੪

ਵਾਲੀ ਸਚਾ ਕਲਾ ਵਰਤਾਰੇ ਅੰਦਰਿ ਆਈ। ਗੁਰੂ ਨਾਨਕ ਦੇ ਦਰਸਾਏ ਦ੍ਰਿੜ੍ਹਾਏ ਗੁਰ ਮੰਤਰ ਅੰਦਰਿ ਹੀ ਇਹ ਚੋਜ ਵਡਾਣੀ ਕੌਤਕ ਵਰਤਿਆ ਕਿ ਗੁਰੂ ਨਾਨਕ ਸਾਹਿਬ ਦੀ ਨਦਰਿ ਮੇਹਰ ਦੇ ਤੁਫ਼ੈਲ ਨਾਮ ਜਪਣ ਵਿਚ ਐਸੀ ਕਲਾ ਜ਼ਹੂਰ ਪਜ਼ੀਰ ਹੋਈ ਕਿ ਨਾ ਦਿਸਣਹਾਰ ਅਦ੍ਰਿਸ਼ਟ ਵਾਹਿਗੁਰੂ ਅੰਦਰੋਂ ਗੁਪਤੋਂ ਹੀ ਜ਼ਹੂਰ ਪਜ਼ੀਰ ਹੋ ਗਏ ਅਤੇ ਪਰਗਟ ਪਹਾਰੇ ਜਾਪਣ ਲਗੇ। ਇਹ ਕਲਾ-ਕੌਤਕ ਕੇਵਲ ਗੁਰੂ ਨਾਨਕ ਸਾਹਿਬ ਦੇ ਗੁਰੂ ਜੋਤਿ ਜਾਮਿਆਂ ਅੰਦਰ ਹੀ ਪਰਗਟ ਹੋ ਕੇ ਵਰਤਿਆ। ਗੁਰੂ ਨਾਨਕ ਸਾਹਿਬ ਦਾ ਦਰਸਾਇਆ ਦ੍ਰਿੜ੍ਹਾਇਆ ਨਾਮ ਹੀ ਅਦ੍ਰਿਸ਼ਟ ਵਾਹਿਗੁਰੂ ਜੀ ਦੇ ਦ੍ਰਿਸ਼ਟਮਾਨ ਕਰਨ ਲਈ ਫਲੀਭੂਤ ਹੋਇਆ। ਐਸਾ ਹੋਇਆ ਕਿ ਗੁਰੂ ਵਾਹਿਗੁਰੂ ਦੀ ਜੋਤਿ ਅੰਦਰੋਂ ਹੀ ਪ੍ਰਜਵਲਤ ਹੋ ਗਈ ਅਤੇ ਨਾ ਹੀ ਦੀਸਣਹਾਰਾ ਵਾਹਿਗੁਰੂ ਪਰਤੱਖ ਨਦਰੀ ਆਵਣ ਲਗਾ। ਇਸੇ ਪਰਤੱਖਤਾ ਦੇ ਪਰਤਾਪ ਕਰਕੇ ਗੁਰੂ ਨਾਨਕ ਸਾਹਿਬ ਸਚਾ ਨਦਰਿ ਪਰਤਾਪੀ ਗੁਰੂ ਅਵਤਾਰ ਸਦਾਵੰਦਾ ਹੈ।

ਗੁਰੂ ਨਾਨਕ ਸਾਹਿਬ ਦੀ ਅਸਾਂ ਕਲਜੁਗੀ ਜੀਵਾਂ ਉਤੇ ਅਪਾਰ ਨਦਰ ਮੇਹਰ ਹੋਈ ਕਿ ਧੁਰ ਵਾਹਿਗੁਰੂ ਦੀ



www.AKJ.Org

ਦਰਗਾਹੋਂ 'ਵਾਹਿਗੁਰੂ' ਸਰੂਪ ਗੁਰਮੰਤਰ ਲਿਆਂਦਾ, ਜਿਸ ਦੇ ਬਿਹੂਣ ਸਾਰਾ ਜਗਤ ਸੰਸਾਰ ਬਉਰਾਨਾ (ਕਮਲਾ) ਹੋਇਆ ਪਇਆ ਸੀ, ਹੁਣ ਭੀ ਬਉਰਾਨਾ ਹੀ ਹੈ, ਜੈਸੇ ਕਿ ਗੁਰਵਾਕ ਦਾ ਭਾਵ ਹੈ "ਸਬਦ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ"* । ਧੰਨ ਗੁਰੂ ਨਾਨਕ ਸਾਹਿਬ ਜਿਨ੍ਹਾਂ ਦੇ ਧੁਰੋਂ ਵਾਹਿਗੁਰੂ ਦੀ ਦਰਗਾਹੋਂ ਵਾਹਿਗੁਰੂ ਸਰੂਪ ਗੁਰਮੰਤਰ ਗੁਰ-ਸ਼ਬਦ ਲਿਆਉਣ ਕਰਕੇ, ਇਸੇ ਗੁਰ-ਸ਼ਬਦ ਦੇ ਪਰਤਾਪ ਕਰਕੇ ਅਤੇ ਗੁਰੂ ਨਾਨਕ ਸਾਹਿਬ ਦੀਆਂ ਨਦਰ ਮੇਹਰਾਂ ਦੇ ਸਦਕੇ, ਸ਼ਬਦ ਅਭਿਆਸ ਕਮਾਈਆਂ ਦੀ ਬਰਕਤ ਨਾਲ, "ਅਦ੍ਰਿਸ਼ਟ ਵਾਹਿਗੁਰੂ" ਕਮਾਈਆਂ ਕਰਨਹਾਰੇ ਗੁਰਸਿਖਾਂ ਦੇ ਘਟ ਅੰਤਰ ਹੀ ਜੋਤਿ ਪਰਜੁਲਤੀ ਹੋ ਕੇ ਪਰਤੱਖ ਪ੍ਰਕਾਸ਼ਮਾਨ ਹੋ ਜਾਂਦਾ ਹੈ, ਜੈਸਾ ਕਿ ਇਸ ਅਗਲੇਰੇ ਗੁਰਵਾਕ ਦੀ ਪੰਗਤੀ ਦਾ ਭਾਵ ਹੈ–

ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵ ਨਿਧਿ ਪਾਈ ॥੨੨॥ [ਰਾਮਕਲੀ ਮ: ੩–੯੧੦

ਭਾਵ, ਗੁਰੂ ਨਾਨਕ ਸਾਹਿਬ ਜੀ ਦੇ ਬਖ਼ਸ਼ੇ ਹੋਏ ਗੁਰਮੰਤਰ ਦੇ ਤੁਫ਼ੈਲ ਵਾਹਿਗੁਰੂ-ਦਰਸ਼ਨਾਂ ਦੇ ਖੋਜੀ ਗੁਰਮੁਖ ਜਗਿਆਸੂ ਨੇ ਇਸ ਦੇਹ ਰੂਪੀ ਨਗਰੀ (ਘਟ) ਅੰਦਰ ਹੀ ਜੋਤਿ ਸਰੂਪੀ ਵਾਹਿਗੁਰੂ ਨੂੰ ਅਭਿਆਸ ਸ਼ਕਤੀ ਨਾਲ ਖੋਜ ਕੇ ਲਭ ਲੈਣਾ ਹੈ, ਗੁਰ-ਸ਼ਬਦ ਦੀਆਂ ਅਭਿਆਸ ਕਮਾਈਆਂ ਕਰਦੇ ਕਰਦੇ ਘਟ ਅੰਦਰੋਂ ਹੀ ਜੋਤਿ-ਪ੍ਰਕਾਸ਼ੀ-ਨਾਮ-ਨਵਨਿਧੀ ਦੀਪਕ ਪ੍ਰਕਾਸ਼ ਕਰ ਲੈਣਾ ਹੈ। ਗੁਰੂ ਨਾਨਕ ਸਾਹਿਬ ਜੀ ਦੇ ਬਖ਼ਸ਼ੇ ਹੋਏ ਸ਼ਬਦ ਗੁਰ-ਮੰਤਰ ਦੇ ਪਰਤਾਪ ਨਾਲ ਨਦਰ ਕਮਾਈਆਂ ਕਰਦੇ ਕਰਦੇ ਜੋ ਘਟ ਅੰਦਰ ਹੀ ਜੋਤਿ ਪ੍ਰਕਾਸ਼ ਹੋ ਜਾਣੀ ਹੈ, ਉਹ ਨਾਮ ਰੂਪੀ ਅਜਿਹਾ ਜੋਤਿ ਪ੍ਰਜੁਲਤੀ ਦੀਪਕ ਪ੍ਰਕਾਸ਼ਤ ਹੋ ਜਾਣਾ ਹੈ ਜਿਸ ਦੇ ਤੁਲ ਸੰਸਾਰਕ ਨਵ-ਨਿਧੀਆਂ ਸਿਧੀਆਂ ਸਭ ਮਾਤ ਹਨ। ਗੁਰਸਿਖੀ ਗੁਰਮੁਖੀ ਲਈ ਇਹੋ ਜੋਤਿ ਪ੍ਰਜੁਲਤੀ ਪ੍ਰਕਾਸ਼ਤ ਹੋਇਆ ਨਾਮ ਹੀ ਸਚੀ ਨਵ-ਨਿਧੀ ਹੈ। ਇਸ ਸਦ ਨਵ-ਨਿਧਾਨ ਰੂਪੀ ਨਿਧੀ ਨੇ ਅਦ੍ਰਿਸ਼ਟ-ਵਾਹਿਗੁਰੂ-ਦਰਸ਼ਨ-ਖੋਜੀਆਂ ਨੂੰ ਲੱਟੂ ਕਰੀ ਰਖਣਾ ਹੈ। ਇਸੀ ਨਵ-ਨਵੇਲੜੀ ਅਤੇ ਸਹਿਜ ਸੁਹੇਲੜੀ ਸਦ ਸ਼ਗੁਫ਼ਤਣੀ ਨਾਮ ਨਿਰਬਾਣ ਮਈ ਸਚੀ ਨਿਧੀ ਦੇ ਪਰਤਾਪ ਨਾਲ, ਜੋ ਖੋਜੀ ਗੁਰਮੁਖ ਜਨਾਂ ਨੇ ਘਟ ਅੰਤਰ ਹੀ ਪਾਇ ਰਖੀ ਹੈ, ਹੋਰ ਦ੍ਰਿਸ਼ਟਮਾਨ ਦੁਬਿਧਾ ਮਈ ਕੂੜਾਵੀ ਆਸਾ ਮਨਸਾ ਰੂਪੀ ਦੁਰਮਤਿ ਬੁਧੀ ਨੂੰ ਉੱਕਾ ਹੀ ਮਿਟਾਇ ਦੇਣਾ ਹੈ ਅਤੇ ਇਸ ਨੂੰ ਮਿਟਾਇ ਕੇ ਗੁਰਮੁਖ ਖੋਜੀਆਂ ਦਾ ਮਨ ਸਦਾ ਸਹਿਜ ਲਿਵਤਾਰ ਵਿਖੇ ਹੀ ਜੁੜੇ ਰਹਿਣਾ ਹੈ। ਇਸ ਸਹਿਜ ਲਿਵਤਾਰੀ ਗੁਰਮਤਿ ਅਭਿਆਸ ਵਿਖੇ ਮਜਜ਼ੂਬ (ਲੀਨ) ਹੋ ਕੇ ਰਸਨਾ ਦੁਆਰਾ ਸ਼ਬਦ ਗੁਰਮੰਤਰ ਉਚਾਰਨ ਦੀ ਲੋੜ ਨਹੀਂ ਰਹਿਣੀ। ਸੱਚੀ ਸਿਫ਼ਤ-ਸਲਾਹ ਅੰਤਰਗਤੀ ਸੁਤੇ ਸੁਭਾਵ ਹੀ ਵਾਹਿਗੁਰੂ-ਮਿਲਾਪ ਵਿਚ ਹੀ ਹੁੰਦੀ ਰਹਿਣੀ ਹੈ। ਯਥਾ ਗੁਰਵਾਕ ਦੀ ਅਗਲੀ ਪੰਗਤੀ–

ਮਨਸਾ ਮਾਰਿ ਮਨੁ ਸਹਜਿ ਸਮਾਨਾ ਬਿਨੁ ਰਸਨਾ ਉਸਤਤਿ ਕਰਾਈ ॥੨੩॥

ਇਸ ਲਿਵਤਾਰੀ ਵਾਹਿਗੁਰੂ-ਮਿਲਾਪ-ਸਹਿਜ-ਬਿਵਸਥਾ ਵਿਖੇ ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨ ਕਰਨਹਾਰਿਆਂ ਦੇ ਲੋਇਣ ਇਕ-ਟਕ ਬਿਸਮਾਦੀ ਵਾਹਿਗੁਰੂ ਦੇ ਪਰਤੱਖ ਦਰਸ਼ਨ ਕਰਨਹਾਰੇ ਹੀ ਹੋ ਜਾਂਦੇ ਹਨ। ਇਥੇ ਪੁਜ ਕੇ ਉਨ੍ਹਾਂ ਦੀ ਚਿਤ ਬਿਰਤੀ, ਸਹਿਜ ਸੁਰਤੀ ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨ ਵਿਚ ਹੀ ਲਗੀ ਰਹਿੰਦੀ ਹੈ, ਇਕ ਖਿਨ ਭੀ ਲਾਂਭੇ ਨਹੀਂ ਹੁੰਦੀ। ਯਥਾ ਅਗਲੇਰੀ ਪੰਗਤੀ–

ਲੋਇਣ ਦੇਖ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ ॥੨੪॥

ਇਹ ਅਦ੍ਰਿਸ਼ਟ ਵਾਹਿਗੁਰੂ ਆਪਣੀ ਹਮਾ ਮਉਸੂਫ਼ (ਅਨੂਪਮ) ਸਿਫਤਾਂ ਦੁਆਰਾ ਸਦਾ ਨਿਰਾਲਮ ਹੀ ਰਹਿੰਦਾ ਹੈ। ਜੋਤਿ-ਸ਼ਗੁਫ਼ਤੀਏ (ਵਿਗਾਸੀ) ਗੁਰਮੁਖ ਖੋਜੀ ਜਨ ਦੀ ਬਿਰਤੀ ਜੋਤਿ ਸਰੂਪੀ ਵਾਹਿਗੁਰੂ ਵਿਚ ਹੀ ਸਮਾਈ ਰਹਿੰਦੀ ਹੈ। ਯਥਾ–

ਅਦਿਸਟ ਸਦਾ ਰਹੈ ਨਿਰਾਲਮੁ ਜੋਤੀ ਜੋਤਿ ਮਿਲਾਈ ॥੨੫॥

* ਸੋਰਠਿ ਮ: ੧ ਅਸਟ, ਅੰਕ ੮, ਪੰਨਾ ੬੩੫



www.AKJ.Org

ਇਹ ਸਾਰਾ ਪਰਤਾਪ ਗੁਰੂ ਨਾਨਕ ਸਾਹਿਬ ਦੀ ਬਖਸ਼ੀ ਹੋਈ ਗੁਰਮਤਿ ਸਿਫ਼ਤ-ਸਲਾਹ ਦਾ ਸਦਕਾ ਹੀ ਹੈ। ਐਸੇ ਵਾਹਿਗੁਰੂ ਦੇ ਸਰੂਪ ਗੁਰ-ਸ਼ਬਦ ਦੀ ਸਿਫ਼ਤ ਸਲਾਹ, ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨ ਕਰਨਹਾਰਾ ਖੋਜੀ ਜਨ ਸਦਾ ਹੀ ਕਰਦਾ ਰਹਿੰਦਾ ਹੈ। ਕਰੇ ਭੀ ਕਿਉਂ ਨਾ, ਉਸ ਨੂੰ ਸਰਦਾ ਹੀ ਨਹੀਂ ਇਸ ਸਿਫਤ ਸਲਾਹੀ ਲਿਵਤਾਰ ਬਿਹੂਣ। ਯਥਾ—

ਹਉ ਗੁਰੁ ਸਾਲਾਹੀ ਸਦਾ ਆਪਣਾ ਜਿਨਿ ਸਾਚੀ ਬੂਝ ਬੁਝਾਈ ॥੨੬॥

ਇਹ ਸਾਚੀ ਬੂਝ ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨਾਂ ਦੀ ਗੁਰੂ ਨਾਨਕ ਸਾਹਿਬ ਦੇ ਦ੍ਰਿੜ੍ਹਾਏ ਦਰਸਾਏ ਗੁਰ-ਸ਼ਬਦ ਮੰਤਰ ਦੁਆਰਾ ਹੀ ਬੁਝੀ ਜਾਂਦੀ ਹੈ। ਇਹ ਸਾਰੀ ਗੱਤਿ ਕਲਿਆਣ-ਮਈ ਸਚੀ ਵਾਹਿਗੁਰੂ-ਦਰਸ਼ਨਾਂ ਦੀ ਪ੍ਰਾਪਤੀ ਵਾਲੀ ਪਤਿ-ਪ੍ਰਤਿਸ਼ਟਾ ਗੁਰ ਨਾਨਕ ਸਾਹਿਬ ਦੇ ਦਰਸਾਏ ਗੁਰਸ਼ਬਦ ਮੰਤਰ ਦੁਆਰਾ ਹੀ ਪ੍ਰਾਪਤਿ ਹੁੰਦੀ ਹੈ, ਜਿਸ ਕਰਕੇ ਇਸ ਸਿਫਤ-ਸਲਾਹ ਰੂਪੀ ਸਚੀ ਅਰਦਾਸ ਬੇਨਤੀ ਨੂੰ, ਵਾਹਿਗੁਰੂ-ਦਰਸ਼ਨਾਂ ਨੂੰ ਪ੍ਰਾਪਤਿ ਹੋਇਆ ਹੋਇਆ, ਗੁਰ ਨਾਨਕ ਸਾਹਿਬ ਜੀ ਦਾ ਵਰੋਸਾਇਆ ਹੋਇਆ ਗੁਰਮੁਖ ਜਨ ਛਡ ਹੀ ਨਹੀਂ ਸਕਦਾ। ਜੈਸਾ ਕਿ ਅਗਲੀ ਗੁਰ-ਪੰਗਤੀ ਦਾ ਭਾਵ ਹੈ। ਯਥਾ—

ਨਾਨਕੁ ਏਕ ਕਹੈ ਬੇਨੰਤੀ ਨਾਵਹੁ ਗਤਿ ਪਤਿ ਪਾਈ ॥੨੭॥੨॥੧੧॥

[ਰਾਮਕਲੀ ਮ: ੩, ਪੰ: ੯੧੦

ਏਸੇ ਇਕੋ ਸਿਫਤ ਸਲਾਹ ਮਈ ਅਰਦਾਸ ਬੇਨਤੀ ਰਟੀਂ ਜਾਣ ਵਿਚ ਹੀ ਗੁਰ ਨਾਨਕ ਸਾਹਿਬ ਦੇ ਦਰੋਂ ਘਰੋਂ, ਗੁਰ ਨਾਨਕ ਸਾਹਿਬ ਜੀ ਦਾ ਵਰੋਸਾਇਆ ਹੋਇਆ ਗੁਰਮੁਖ, ਸਿਫਤ-ਸਲਾਹੀ-ਜਨ ਜੁਟਿਆ ਹੀ ਰਹਿੰਦਾ ਹੈ।

ਇਸ ਉਪਰ ਲਿਖੇ ਗੁਰਮਤਿ ਭਾਵ ਤੋਂ ਇਹ ਸਿਧ ਹੋਇਆ ਕਿ ਕੇਵਲ ਗੁਰ ਨਾਨਕ ਸਾਹਿਬ ਜੀ ਦੁਆਰਾ ਦ੍ਰਿੜ੍ਹਾਈ ਦਰਸਾਈ ਗੁਰ-ਸ਼ਬਦ ਦੀ ਅਭਿਆਸ ਕਮਾਈ ਹੀ ਫਲੀਭੂਤ ਹੁੰਦੀ ਹੈ। ਅਜਿਹੇ ਗੁਰੂ ਨਾਨਕ ਸਾਹਿਬ ਜੀ ਦੇ ਦਰੋਂ ਘਰੋਂ ਵਰਸਾਏ ਹੋਏ ਗੁਰਮੁਖ ਜਨ ਕਦੇ ਭੀ ਹੋਰਸ ਦ੍ਰਿਸ਼ਟਮਾਨ ਪਦਾਰਥਾਂ ਵਿਚ ਲਿਪਾਏਮਾਨ ਨਹੀਂ ਹੁੰਦੇ, ਬਲਕਿ ਇਨ੍ਹਾਂ ਦ੍ਰਿਸ਼ਟਮਾਨ ਪਦਾਰਥਾਂ ਦੀ ਲਿਪਾਏਮਾਨ ਤੋਂ ਸਦਾ ਅਪਰੰਪਰ ਰਹਿੰਦੇ ਹਨ।

ਗੁਰੂ ਨਾਨਕ ਸਾਹਿਬ ਦੀ ਨਦਰ ਦ੍ਰਿਸ਼ਟੀ ਤੋਂ ਘੁਥੇ ਸਾਰੇ ਸੰਸਾਰੀ ਜੀਵ ਦ੍ਰਿਸ਼ਟਮਾਨ ਦੀ ਪੂਜਾ ਵਿਚ ਲਗੇ ਰਹਿੰਦੇ ਹਨ, ਜਿਸ ਤੋਂ ਕਖ ਵੀ ਪ੍ਰਾਪਤ ਨਹੀਂ ਹੁੰਦਾ। ਜਿਤਨੇ ਭੀ ਆਨਮਤੀ ਸਿਧ ਸਾਧਕ ਤਪਸੀ ਮੁਨੀ ਜੋਗੀ ਹੋਏ ਹਨ, ਸਾਰੇ ਤ੍ਰੈਗੁਣੀ ਦ੍ਰਿਸ਼ਟਮਾਨ ਮਾਇਆ ਵਿਚ ਹੀ ਭਰਮਦੇ ਰਹੇ ਹਨ। ਇਹ ਕੇਵਲ ਗੁਰੂ ਨਾਨਕ ਸਾਹਿਬ ਜੀ ਦੇ ਦਰ ਘਰ ਤੋਂ ਵਰੋਸਾਏ ਹੋਏ ਗੁਰਮੁਖ ਜਨ ਹੀ ਹਨ, ਜੋ ਇਸ ਤ੍ਰੈਗੁਣੀ ਦ੍ਰਿਸ਼ਟਮਾਨ ਮਾਇਆ ਮਈ ਰਹਿਤ ਰਹਿਣੀ ਤੋਂ ਨਿਰਾਲੇ ਅਤੇ ਨਿਰਾਲਮ ਹੀ ਰਹਿੰਦੇ ਹਨ, ਜੈਸੇ ਕਿ ਅਗਲੇ ਗੁਰਵਾਕ ਪੰਗਤੀ ਦਾ ਭਾਵ ਹੈ—

ਤ੍ਰੈਗੁਣ ਰਹਤ ਰਹੈ ਨਿਰਾਰੀ ਸਾਧਿਕ ਸਿਧ ਨ ਜਾਨੈ...॥੧॥ [ਰਾਮਕਲੀ ਮ: ੫—੮੮੩

ਇਹ ਕੇਵਲ ਗੁਰ ਨਾਨਕ ਰੂਪੀ ਸਚੇ ਸਤਿਗੁਰੂ ਦੇ ਅੰਮ੍ਰਿਤ-ਭਰਪੁਰ-ਲੀਣੇ ਖ਼ਜ਼ਾਨੇ (ਭੰਡਾਰ) ਨੂੰ ਹੀ ਤੌਫ਼ੀਕ ਹੈ ਕਿ ਇਸ ਦੇ ਜ਼ਰੀਏ ਜਗਿਆਸੂ ਜਨ ਅਦ੍ਰਿਸ਼ਟ ਵਾਹਿਗੁਰੂ ਦੇ ਸਚੇ ਦਰਸ਼ਨਾਂ ਦਾ ਅਧਿਕਾਰੀ ਅਤੇ ਪੁਜਾਰੀ ਬਣਦਾ ਹੈ। ਗੁਰ ਨਾਨਕ ਸੱਚੇ ਪਾਤਸ਼ਾਹ ਦੇ ਅੰਮ੍ਰਿਤ-ਭਰਪੂਰੀ ਖ਼ਜ਼ਾਨੇ ਦੀ ਹੀ ਸਚੀ ਵਡਿਆਈ ਹੈ ਕਿ ਦ੍ਰਿਸ਼ਟਮਾਨ ਤ੍ਰੈਗੁਣੀ ਪਦਾਰਥਾਂ ਦੀ ਪੂਜਾ ਨੂੰ ਛਡ ਕੇ, ਗੁਰਮੁਖ ਖੋਜੀ ਜਨ ਉਸ ਅੰਮ੍ਰਿਤ ਮਈ ਸੰਪੂਰਨ ਖ਼ਜ਼ਾਨੇ ਦਾ ਮਾਲਕ ਬਣ ਜਾਂਦਾ ਹੈ, ਜੋ ਉਸ ਨੂੰ ਸੱਚੇ ਅਦ੍ਰਿਸ਼ਟ ਪ੍ਰਮਾਰਥੀ ਪਦਾਰਥ ਦਾ ਸੱਚਾ ਉਪਾਸ਼ਕ ਅਤੇ ਆਸ਼ਕ ਬਣਾ ਦੇਂਦਾ ਹੈ। ਜੈਸਾ ਕਿ ਅਗਲੀ ਗੁਰਪੰਗਤੀ ਦਾ ਭਾਵ ਹੈ, ਯਥਾ—

ਰਤਨ ਕੋਠੜੀ ਅੰਮ੍ਰਿਤ ਸੰਪੂਰਨ ਸਤਿਗੁਰ ਕੈ ਖਜਾਨੈ ॥੧॥ [ਪੰਨਾ ੮੮੩

ਇਸ ਗੱਲ ਵਿਚ ਰੰਚਕ ਭੀ ਸੰਦੇਹ ਨਹੀਂ ਕਿ ਜੁਗੋ ਜੁਗੋ ਅਟੱਲ ਗੁਰੂ ਨਾਨਕ ਸਾਹਿਬ ਹੀ ਹਨ ਤੇ ਇਹੋ ਸਚੇ ਸਤਿਗੁਰੂ, ਗੁਰੂ ਨਾਨਕ ਦੇਵ ਹੀ ਸੱਚੇ ਅੰਮ੍ਰਿਤ-ਭਰਪੁਰ-ਲੀਣੇ ਜੋਤਿ ਜੜੰਨੀ ਖ਼ਜ਼ਾਨੇ ਦੇ ਮਾਲਕ ਹਨ।


www.AKJ.Org

ਨਿਰੰਕਾਰ ਦੇ ਰਾਹੀਂ ਹੀ ਸੱਚੇ ਅਦ੍ਰਿਸ਼ਟ ਖ਼ਜ਼ਾਨੇ ਦੇ ਖੋਜੀ ਗੁਰਮੁਖ ਜਨ ਨੂੰ ਇਸ ਦੀ ਪ੍ਰਾਪਤੀ ਦਾ ਸੁਭਾਗ ਮਿਲਦਾ ਹੈ। ਗੁਰ ਨਾਨਕ ਸਾਹਿਬ ਜੀ ਦੇ ਪਾਏ ਪੂਰਨਿਆਂ ਉਤੇ ਚਲ ਕੇ ਜਿਸ ਗੁਰਮੁਖ ਜਨ ਨੂੰ ਇਸ ਸੱਚੇ ਨੌਨਿਧੀ ਖ਼ਜ਼ਾਨੇ ਦੀ ਸੱਚੀ ਮਿਲਖ ਲਭੀ ਹੈ, ਉਹ ਵਡਭਾਗਾ ਜਨ ਇਸ ਅਦ੍ਰਿਸ਼ਟ ਪਦਾਰਥ ਨੂੰ ਲਭਣ ਸਾਰ ਹੀ ਅਚਰਜ ਬਿਸਮਾਦ ਦਸ਼ਾ ਵਿਚ ਲੀਣ ਹੋ ਗਿਆ ਹੈ। ਇਸ ਅਚਰਜਤਾ ਅਤੇ ਜੋਤਿ-ਰੰਗੀ-ਬਿਸਮਾਦਤਾ ਦੀ ਮਹਿਮਾ ਕੁਝ ਵਰਨੀ ਨਹੀਂ ਜਾ ਸਕਦੀ, ਕਿਉਂਕਿ ਇਹ ਅਤਿ ਅਗੋਚਰ ਵਸਤੂ ਦੀ ਮਹਿਮਾ ਹੈ, ਜੈਸਾ ਕਿ ਹੇਠ ਲਿਖੇ ਇਸ ਅਗਲੇਰੇ ਗੁਰਵਾਕ ਪੰਗਤੀ ਦਾ ਭਾਵ ਹੈ–

ਅਚਰਜੁ ਕਿਛੁ ਕਹਣੁ ਨ ਜਾਈ ॥ ਬਸਤੁ ਅਗੋਚਰ ਭਾਈ ॥੧॥ਰਹਾਉ॥ (੪॥੪)

[ਰਾਮਕਲੀ ਮ: ੫, ਪੰਨਾ ੮੯੩

ਇਸ ਸੱਚੇ ਪ੍ਰਮਾਰਥੀ ਅਦ੍ਰਿਸ਼ਟ ਪਦਾਰਥ ਦੇ ਪਾਵਣ ਦੀ ਕੁੰਜੀ ਧੁਰ ਦਰਗਾਹੋਂ ਕੇਵਲ ਗੁਰ ਨਾਨਕ ਸਾਹਿਬ ਨੂੰ ਬਖ਼ਸ਼ੀ ਹੋਈ ਹੈ।

ਇਹ ਗੁਰਮਤਿ ਦਾ ਅਟੱਲ ਨਿਯਮ ਹੈ ਕਿ ਸਤਿਗੁਰੂ, ਸੱਚਾ ਸਤਿਗੁਰੂ, ਕੇਵਲ ਗੁਰੂ ਨਾਨਕ ਸਾਹਿਬ ਹੀ ਹੈ। ਇਸ ਸੱਚੇ ਸਤਿਗੁਰੂ ਬਾਝੋਂ ਹੋਰ ਕੋਈ ਗੁਰੂ ਨਹੀਂ। ਯਥਾ–

ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥੧੩॥

[ਆਸਾ ਮ: ੩ ਪਟੀ, ਪੰਨਾ ੪੩੫

ਸਤਿਗੁਰ ਨਾਨਕ ਸਾਹਿਬ ਦੇ ਦਰ ਘਰ ਤੋਂ ਹੀ ਕੇਵਲ ਗੁਰਦੀਖਿਆ ਮਈ ਗੁਰਮੰਤਰ ਮਿਲਦਾ ਹੈ। ਜਿਸ ਨੂੰ ਇਹ ਗੁਰ-ਮੰਤਰ ਪ੍ਰਾਪਤ ਨਹੀਂ, ਉਹ ਨਿਗੁਰਾ ਹੈ। ਤਾਂ ਤੇ ਗੁਰਬਾਣੀ ਦੇ ਆਸ਼ੇ ਅਨੁਸਾਰ ਇਕੋ ਗੁਰੂ ਗ੍ਰੰਥ ਸਾਹਿਬ ਹੀ ਸੱਚੇ ਗੁਰੂ ਹਨ। ਹੋਰ ਸਭ ਕੂੜਾਵੇ ਗੁਰੂ ਬਣੇ ਫਿਰਦੇ ਹਨ ਤੇ ਨਾਮ-ਹੀਣ ਨਕਟ-ਪੰਥੀਏ ਗੁਰੂ ਹਨ। ਇਕੋ ਸਚਾ ਗੁਰੂ ਹੈ ਤਾਂ ਸਿਰਫ਼ ਗੁਰੂ ਨਾਨਕ ਸਾਹਿਬ ਹੈ, ਜਿਨ੍ਹਾਂ ਨੂੰ ਧੁਰ ਦਰਗਾਹੋਂ ਗੁਰਿਆਈ ਦਾ ਸੱਚਾ ਪਦ ਪ੍ਰਾਪਤ ਹੋਇਆ ਅਤੇ ਇਸ ਗੁਰ ਪ੍ਰਮਾਣ ਅਨੁਸਾਰ–

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥
ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥
ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ ॥
ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ ॥੨॥੧੦॥

[ਸਲੋਕ ਮ: ੩, ਵਾਰ ਸੋਰਠ; ਪੰਨਾ ੬੪੬

["ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ" ਵਿਚੋਂ


## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟ੍ਰੈਕਟ

| | | | |
|---|---|---|---|
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਜੇਲ੍ਹ ਚਿੱਠੀਆਂ | ੩੦-੦੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ |
| ਗੁਰਮਤਿ ਲੇਖ | ੧੨-੫੦ | ਅਣਡਿੱਠੀ ਦੁਨੀਆਂ | ੧੬-੦੦ |
| ਗੁਰਮਤਿ ਪ੍ਰਕਾਸ਼ | ੧੧-੦੦ | ਚਰਨ ਕਮਲ ਕੀ ਮਉਜ | ੭-੫੦ |
| ਗੁਰਮਤਿ ਵਿਚਾਰ | ੧੪-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ? | ੭-੫੦ |
| ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਅੰਮ੍ਰਿਤ ਕੀ ਹੈ? ੨-੫੦ ਅੰਮ੍ਰਿਤ ਕਲਾ | ੧-੫੦ | ਸ਼ੰਕਿਆਂ ਦੇ ਉੱਤਰ ੨-੦੦ ਨਾਮ ਸੰਬੰਧੀ ਵਿਚਾਰ | ੧-੭੫ |
| ਸਿੱਖਾਂ ਦਾ ਪੰਥ ਨਿਰਾਲਾ | ੧-੫੦ | ਆਸਤਕ ਤੇ ਨਾਸਤਕ ੦-੭੫ ਬਾਬਾ ਵੈਦ ਰੋਗੀਆਂ ਦਾ | ੧-੦੦ |
| ਉਮਰ ਕੈਦੀ ਦਾ ਸੁਪਨਾ | ੧-੨੫ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਕੋ ਵਿਰਲਾ ਗੁਰਮਤਿ ਚਲੈ ਜੀਉ | ੦-੭੫ |
| ਸੱਚੀਆਂ ਸਾਖੀਆਂ ੦-੭੫ ਸਿਖ ਕੌਣ ਹੈ? | ੦-੭੫ | ਤਿਮਰ ਅਗਿਆਨ ਤੋਂ ਉਜਿਆਰਾ | ੦-੫੦ |




www.AKJ.Org

# ਗੁਰ ਨਾਨਕਿ ਸੁੱਤੀ ਹਿੰਦ ਜਗਾਈ

[ਪ੍ਰਿੰਸੀਪਲ ਸੱਜਣ ਸਿੰਘ ਜੀ, 618/6, ਗੋਬਿੰਦਪੁਰੀ, ਨਵੀਂ ਦਿਲੀ-19]

ਇਕ ਸਿਆਣੇ ਵਿਦਵਾਨ ਦਾ ਕਥਨ ਹੈ ਕਿ 'ਨੀਂਦ' ਇਕ ਆਰਜ਼ੀ ਮੌਤ ਹੈ ਤੇ 'ਮੌਤ' ਸਦੀਵੀ ਨੀਂਦ। ਦੋਨਾਂ ਵਿਚ ਸਮਾਨਤਾ ਵੀ ਹੈ ਤੇ ਭਿੰਨਤਾ ਵੀ। ਸਰੀਰਕ ਅਹਿੱਲਤਾ ਦੋਹਾਂ ਦਸ਼ਾਵਾਂ ਵਿਚ ਹੈ। ਨੀਂਦ ਵਿਚ ਸਰੀਰ ਸੁਚੇਤ ਮਨ ਦੇ ਨਿਯੰਤਰਣ ਤੋਂ ਆਜ਼ਾਦ ਹੈ। ਸਰੀਰਕ ਸਿਹਤ ਵਾਸਤੇ ਨੀਂਦ ਦਾ ਹੋਣਾ ਇਕ ਲਾਜ਼ਮੀ ਅੰਗ ਹੈ, ਜਿਸ ਤੋਂ ਥੱਕੇ ਟੁੱਟੇ ਜਿਸਮ ਨੂੰ ਤਾਜ਼ਗੀ ਮਿਲਦੀ ਹੈ। ਗੁਰਮੁਖ ਗੂੜ੍ਹੀ ਤੇ ਅਲਪ ਨਿੰਦ੍ਰਾ ਮਾਣਨ ਵਾਲਾ ਤੇ ਮਨਮੁਖ ਸੁਨਹਿਰੀ ਭਰੀ ਲੰਮੀ ਨੀਂਦ ਭੋਗਣ ਦਾ ਚਾਹਵਾਨ ਹੈ।

ਗੁਰੂ ਨਾਨਕ ਦੇਵ ਜੀ ਦੇ ਸਮੇਂ, ਜਾਤੀ, ਫਿਰਕਾ, ਦੇਸ ਨਹੀਂ, ਰਾਸ਼ਟਰ ਨਹੀਂ, ਬਲਕਿ ਸਾਰਾ ਸੰਸਾਰ ਇਕ ਐਸੀ ਤ੍ਰੈਗੁਣੀ ਤੇ ਮਾਇਆ-ਮੱਤੀ ਨੀਂਦ ਦੇ ਰੋਗ ਵਿਚ ਗ੍ਰਸਤ ਸੀ ਕਿ ਕਿਸੇ ਵੀ ਧਾਰਮਕ ਜਾਂ ਸਮਾਜਕ ਆਗੂ ਦੀ ਜੁਰਅਤ ਨਹੀਂ ਸੀ ਪੈਂਦੀ ਕਿ ਉਹ ਆਚਾਰ-ਘਾਤਕ ਚੰਬੜੀਆਂ ਬਿਮਾਰੀਆਂ ਦਾ ਇਲਾਜ ਅੰਤਰ-ਰਾਸ਼ਟਰੀ ਪੱਧਰ ਤੇ ਕਰਨ ਦਾ ਹੀਆ ਕਰ ਸਕੇ। ਵਿਸ਼ੇਸ਼ ਤੌਰ ਤੇ ਭਾਰਤ ਮਾਤਾ ਦੀ ਨਿੱਘਰੀ ਹੋਈ ਦਸ਼ਾ ਬਹੁਤ ਹੀ ਗੁੰਝਲਦਾਰ, ਅਸਾਧ ਤੇ ਤਰਸ ਯੋਗ ਸੀ। ਗੁਰਬਾਣੀ ਦੇ ਕਥਨ ਅਨੁਸਾਰ :-

ਪੰਡਿਤ ਜਨ ਮਾਤੇ ਪੜ੍ਹਿ ਪੁਰਾਨ ॥ ਜੋਗੀ ਮਾਤੇ ਜੋਗ ਧਿਆਨ ॥
ਸੰਨਿਆਸੀ ਮਾਤੇ ਅਹੰਮੇਵ ॥ ਤਪਸੀ ਮਾਤੇ ਤਪ ਕੈ ਭੇਵ ॥੧॥
ਸਭ ਮਦ ਮਾਤੇ ਕੋਊ ਨ ਜਾਗ ॥ ਸੰਗ ਹੀ ਚੋਰ ਘਰੁ ਮੁਸਨ ਲਾਗ ॥ਰਹਾਉ॥

[ਬਸੰਤ ਕਬੀਰ ਜੀ–ਪੰਨਾ ੧੧੯੩

ਇਸ ਕਲਯੁਗੀ ਕਾਲ ਵਿਚ ਕੋਈ ਵਿਰਲਾ ਭਗਤ ਜਨ ਜਾਗਦਾ ਸੀ। ਬਾਕੀ ਸਭ ਅਗਿਆਨਤਾ, ਈਰਖਾ, ਹਉਮੈ ਤੇ ਮਾਣ-ਮਹੱਤ ਦੇ ਨਸ਼ੇ ਵਿਚ ਮਸਤ ਸਨ। ਰਾਜਸੀ ਖੇਤਰ ਵਿਚ ਗ਼ੁਲਾਮੀ, ਨਿਰਲੱਜਤਾ, ਜੀ ਹਜ਼ੂਰੀ, ਨਿਰਬਲਤਾ; ਭਉ, ਬੇਇਤਫ਼ਾਕੀ ਤੇ ਮੁਰਦਾ ਜ਼ਮੀਰ; ਸਮਾਜਕ ਖੇਤਰ ਵਿਚ ਨਾ-ਬਰਾਬਰੀ, ਘ੍ਰਿਣਾ, ਛੂਤ ਛਾਤ, ਵਰਣ-ਬੰਦੀ; ਤੇ ਅਧਿਆਤਮਕ ਖੇਤਰ ਵਿਚ ਕਰਮ ਕਾਂਡ, ਅਲੱਗਵਾਦ, ਬੁੱਤ-ਪ੍ਰਸਤੀ ਤੇ ਸਰਗੁਨ ਪਰਮਾਤਮਾ ਦੀ ਗ਼ਲਤ ਢੰਗ ਨਾਲ ਅਪਣਾਈ ਗੁਮਰਾਹ-ਕੁਨ ਪੂਜਾ ਆਦਿ ਅਵਗੁਣਾਂ ਕਰਕੇ ਭਾਰਤੀ ਮਨੁੱਖ ਦਾ ਖ਼ੂਨ ਗੰਦਾ, ਬੇਰੰਗ, ਕਿਟਾਣੂ-ਭਰਪੂਰ, ਸੁਸਤ, ਰੋਗੀ ਤੇ ਨਕਾਰਾ ਹੋ ਗਿਆ। ਗੁਰਬਾਣੀ ਦੇ ਦ੍ਰਿਸ਼ਟੀਕੋਣ ਤੋਂ ਇਸ ਦਾ ਮੂਲ ਕਾਰਨ ਰੂਹਾਨੀਅਤ ਦੀ ਗ਼ਲਤ ਧਾਰਨਾ ਦਾ ਅਪਣਾਉਣਾ ਸੀ। ਹਜ਼ੂਰ ਦਾ ਫੁਰਮਾਨ ਹੈ :-

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥
ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ॥
ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥
ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥
ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ ॥੨੭॥

[ਰਾਮਕਲੀ ਮ: ੩ ਅਨੰਦੁ, ਪੰਨਾ ੯੨੦

ਇਹ ਵਿਚਾਰ ਧਿਆਨ ਗੋਚਰੇ ਹੈ ਕਿ ਗੁਰਦੇਵ ਦੇ ਪਰਚਾਰ ਤੇ ਉਪਕਾਰ ਦਾ ਆਧਾਰ, ਨਿੰਦਿਆ ਚੁਗਲੀ ਜਾਂ ਭੰਡਣਾ ਨਹੀਂ, ਬਲਕਿ ਚੰਗੇ ਗੁਣਾਂ ਦੀ ਪ੍ਰਸੰਸਾ ਤੇ ਗ਼ਲਤ ਅਪਣਾਈਆਂ ਕੁਰੀਤੀਆਂ ਦਾ ਸੁਧਾਰ ਸੀ। ਤੀਸਰੇ ਨਾਨਕ ਜੀ ਦਾ ਅਨੰਦ ਸਾਹਿਬ ਵਿਚ ਗੁਰਵਾਕ--

"ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ" ॥੧੯॥

ਇਸ ਤੱਤ ਦਾ ਇਕ ਸੁੰਦਰ ਨਮੂਨਾ ਹੈ। ਅਗਿਆਨੀ ਜੀਵ ਇਕ ਅਕਾਲ ਪੁਰਖ ਦੇ ਪਾਵਨ ਨਾਮ, ਚਰਨ



www.AKJ.Org

ਕਮਲ ਨੂੰ ਵਿਸਾਰ ਕੇ ਕਹਾਣੀ ਕ੍ਥਾ ਦੇ ਗੇੜ ਵਿਚ ਖੱਚਤ ਹੋ ਕੇ ਤੱਤ ਵਸਤੂ ਤੋਂ ਅਵੇਸਲੇ ਹੋ ਬੈਠੇ। ਪਾਵਨ ਹੁਕਮ ਹੈ :– ਭ੍ਰਮ ਮਹਿ ਸੋਈ ਸਗਲ ਜਗਤ ਧੰਧ ਅੰਧ ॥ ਕੋਊ ਜਾਗੈ ਹਰਿ ਜਨੁ ॥੧॥

ਮਹਾ ਮੋਹਨੀ ਮਗਨ ਪ੍ਰਿਅ ਪ੍ਰੀਤਿ ਪ੍ਰਾਨ ॥ ਕੋਊ ਤਿਆਗੈ ਵਿਰਲਾ ॥੨॥

ਚਰਨ ਕਮਲ ਅਨੂਪ ਹਰਿ ਸੰਤ ਮੰਤ ॥ ਕੋਊ ਲਾਗੈ ਸਾਧੂ ॥੩॥

ਨਾਨਕ ਸਾਧੂ ਸੰਗਿ ਜਾਗੇ ਗਿਆਨ ਰੰਗਿ ॥ ਵਡਭਾਗੇ ਕਿਰਪਾ ॥੪॥੧॥੩੯॥

[ਆਸਾ ਮ: ੫, ਪੰਨਾ ੩੮੦

ਨਾਮਧਰੀਕ ਝੂਠੀ ਸ਼ਾਂਤੀ, ਸਹਿਨਸ਼ੀਲਤਾ ਭਰਿਆ ਸੰਤੋਖੀ ਜੀਵਨ ਵਾਸਤਵ ਵਿਚ ਆਲਸੀ, ਦਰਿਦ੍ਰੀ ਕਾਇਰਤਾ ਭਰਪੂਰ ਤੇ ਨਿਰਾਸ਼ਾਵਾਦੀ ਜੀਵਨ ਸੀ, ਜਿਸ ਦੇ ਅਨੇਕ ਕਾਰਨਾਂ ਵਿਚੋਂ ਇਕ ਮਹੱਤਵ-ਪੂਰਨ ਕਾਰਨ ਗੀਤਾ-ਗਿਆਨ ਨੂੰ ਵਿਸਾਰਨਾ ਸੀ। ਸ੍ਰੀ ਕ੍ਰਿਸ਼ਨ ਜੀ ਨੇ ਤਾਂ ਕਰਮ ਦੇ ਫਲ ਦੀ ਇੱਛਿਆ ਤਿਆਗਣ ਦਾ ਉਪਦੇਸ਼ ਦਿੱਤਾ, ਪਰ ਭਾਰਤੀਆਂ ਨੇ ਕਰਮ ਹੀ ਤਿਆਗ ਦਿੱਤਾ। ਸ਼ਾਇਦ ਇਨ੍ਹਾਂ ਦੇ ਦਿਮਾਗ ਵਿਚ ਇਹ ਵਿਚਾਰ ਘਰ ਕਰ ਗਿਆ ਕਿ ਜਿਸ ਕਰਮ ਦਾ ਫਲ ਨਿਕਟ ਭਵਿੱਖ ਵਿਚ ਨਜ਼ਰ ਨਹੀਂ ਆਉਂਦਾ, ਉਸ ਕਰਮ ਦਾ ਕਰਨਾ ਵਿਅਰਥ ਜਾਵੇਗਾ।

ਇਉਂ ਕਰਮ-ਹੀਨ, ਸੱਤ-ਹੀਨ ਜੀਵਨ ਦਾ ਪੁਤਲਾ ਭਾਰਤੀ ਆਪਣੇ ਗੌਰਵ-ਭਰਪੂਰ ਵਿਰਸੇ ਨੂੰ ਤਿਆਗ ਕੇ ਕਬਰਿਸਤਾਨ ਜੇਹੀ ਸਦੀਵੀ ਨੀਂਦ ਦਾ ਸ਼ਿਕਾਰ ਹੋਇਆ, ਜਿਸ ਵਿਚ ਨਿਰਾਦਰੀ ਦਾ ਅਹਿਸਾਸ ਨਹੀਂ, ਉੱਦਮੀ ਬਣਨ ਦੀ ਲਾਲਸਾ ਨਹੀਂ, ਆਜ਼ਾਦੀ ਨਾਲ ਜੀਉਣ ਦਾ ਚਾਅ ਨਹੀਂ ਤੇ ਆਤਮਕ ਜਾਗ ਦੀ ਪ੍ਰੇਰਨਾ ਨਹੀਂ ਸੀ। ਇਕ ਅਣਖੀ ਬੰਦੇ ਦੀਆਂ ਨਜ਼ਰਾਂ ਵਿਚ ਇਹ ਅਵਸਥਾ ਇਕ ਮਹਾਨ ਦੀਰਘ ਰੋਗ ਹੈ, ਜਿਸ ਵਿਚ ਮਰੀਜ਼ ਰੋਗ ਖੰਡਣ ਦੇ ਉਪਰਾਲੇ ਛੱਡ ਕੇ, ਰੋਗ ਨੂੰ ਲਾ-ਇਲਾਜ ਸਮਝ ਕੇ ਇਸ ਨਾਲ ਸਮਝੌਤਾ ਕਰਦਾ ਹੈ। ਤਾਂ ਫਿਰ ਐਸੀ ਬੇਫ਼ਿਕਰੀ ਨੀਂਦ, ਇਕ ਗ਼ਾਫ਼ਲ ਤੇ ਗ਼ੈਰ-ਜ਼ਿਮੇਵਾਰ ਇਨਸਾਨ ਹੀ ਮਾਣਦਾ ਹੈ, ਜਿਸ ਬਾਰੇ ਭਗਤ ਕਬੀਰ ਜੀ ਫੁਰਮਾਉਂਦੇ ਹਨ :–

ਕਬੀਰ ਜਿਨਹੁ ਕਿਛੂ ਜਾਨਿਆ ਨਹੀ ਤਿਨ ਸੁਖ ਨੀਦ ਬਿਹਾਇ ॥

ਹਮਹੁ ਜੁ ਬੂਝਾ ਬੂਝਨਾ ਪੂਰੀ ਪਰੀ ਬਲਾਇ ॥੧੮੧॥ (ਪੰਨਾ ੧੩੭੪)

ਇਹ ਸਮੁੱਚੇ ਭਾਰਤ ਦੀ ਮਾਨਸਕ ਅਵਸਥਾ ਦਾ ਛੋਟਾ ਜਿਹਾ ਚਿਤਰ ਹੈ।

ਉਰਦੂ ਦੇ ਮਸ਼ਹੂਰ ਸ਼ਾਇਰ ਇਕਬਾਲ ਨੇ ਐਸੇ ਨਾਜ਼ਕ ਕਾਲ ਦੇ ਕਾਮਲ ਵੈਦ, ਗੁਰੂ ਨਾਨਕ ਦੇਵ ਜੀ ਦੀ ਅਜ਼ਮਤ ਨੂੰ ਆਪਣੇ ਖ਼ੂਬਸੂਰਤ ਖ਼ਿਆਲਾਂ ਦੁਆਰਾ ਇਸ ਤਰ੍ਹਾਂ ਬਿਆਨ ਕੀਤਾ ਹੈ :–

ਫਿਰ ਉਠੀ ਆਖ਼ਿਰ ਸਦਾਅ ਤੌਹੀਦ ਕੀ ਪੰਜਾਬ ਸੇ।

ਹਿੰਦ ਕੋ ਇਕ ਮਰਦੇ ਕਾਮਲ ਨੇ ਜਗਾਇਆ ਖ਼ਾਬ ਸੇ।

ਹਜ਼ੂਰ ਦੇ ਮਹਾਨ ਦੈਵੀ ਗੁਣਾਂ ਨੂੰ, ਸਗਲ ਜਗਤ ਵਿਚ ਰੁਸ਼ਨਾਂਦਿਆਂ, ਗਾਗਰ ਵਿਚ ਸਾਗਰ ਬੰਦ ਕਰਨ ਦੀ ਨੇਕ-ਨੀਅਤੀ ਨਾਲ ਕੋਸ਼ਸ਼ ਕੀਤੀ ਹੈ, ਜਿਸ ਪਿਛੇ ਕਵੀ ਦੀ ਮਹਾਨ ਅਕੀਦਤ ਵਾਕਈ ਪ੍ਰਸੰਸਾ-ਯੋਗ ਹੈ। ਕਵਿਤਾ ਦੀ ਮਾਲਾ ਵਿਚ ਪ੍ਰੋਇਆ ਇਕ-ਇਕ ਅੱਖਰ ਆਪਣੀ ਨਵੇਕਲੀ ਜਗਹ ਰਖਦਾ ਹੈ ਤੇ ਗੁਰੂ ਨਾਨਕ ਦੇਵ ਜੀ ਦੀ ਮਹਾਨ ਬਹੁ-ਪੱਖੀ ਸ਼ਖ਼ਸੀਅਤ, ਬਜ਼ੁਰਗੀ, ਖ਼ੁਦਾ-ਪ੍ਰਸਤੀ, ਖ਼ੁਦਾ-ਰਸਾਈ, ਦੇਸ਼-ਭਗਤੀ, ਪਰਉਪਕਾਰ, ਦਲੇਰੀ ਭਰੀ ਆਵਾਜ਼ ਤੇ ਰੂਹਾਨੀ ਸ਼ਕਤੀ ਨਾਲ ਜੁੜਿਆ ਪਰਤੀਤ ਹੁੰਦਾ ਹੈ।

ਕਈ ਸਦੀਆਂ ਤੋਂ ਤੇਤੀਸ ਕ੍ਰੋੜ ਦੇਵੀ ਦੇਵਤਿਆਂ ਤੇ ਜੜ੍ਹ ਪਦਾਰਥਾਂ ਦੀ ਪੂਜਾ ਵਿਚ ਘੂਕ ਸੁੱਤੇ ਭਾਰਤ ਨੂੰ ਕੌਣ ਜਗਾਉਂਦਾ? ਇਹ ਨੀਂਦਰ ਸਾਧਾਰਨ ਨਹੀਂ ਸਾ ਕਿ ਬਹੁ-ਗਿਣਤੀ ਆਤਮਕ ਜਾਗ ਦੀ ਚੇਤਨਤਾ ਤੋਂ ਬੇਖ਼ਬਰ ਸੀ। ਕਈ ਡੋਰੇ ਸਨ ਤੇ ਮਾੜੀ-ਮੋਟੀ ਅਵਾਜ਼ ਸੁਣਨ ਤੋਂ ਅਸਮਰਥ ਸਨ। ਸਤਿਗੁਰ ਹੋਕਾ ਦੇ ਕੇ ਫੁਰਮਾਉਂਦੇ ਹਨ ਕਿ ਕ੍ਰਿਤ ਦੇ ਪੁਜਾਰੀ, ਇਕ ਕਰਤਾ ਨੂੰ ਵਿਸਾਰ ਕੇ, ਮਾਇਆ ਮੋਹ ਦੀ ਨੀਂਦ ਵਿਚ ਸੁੱਤੇ



www.AKJ.Org

ਕਦੇ ਵੀ ਜਾਗ ਨਹੀਂ ਸਕਦੇ।

ਅੰਦਰਿ ਸੰਸਾ ਦੂਖੁ ਵਿਆਪੇ ਸਿਰਿ ਧੰਧਾ ਨਿਤ ਮਾਰ ॥

ਦੂਜੈ ਭਾਇ ਸੂਤੇ ਕਬਹੁ ਨ ਜਾਗਹਿ ਮਾਇਆ ਮੋਹ ਪਿਆਰ ॥੩॥੭॥ [ਮ: ੩, ਪੰਨਾ ੮੫੨

ਭਾਗਾਂ ਭਰਿਆ ਇਨਕਲਾਬੀ ਸਮਾਂ ਆਇਆ ਕਿ ਸੁੱਤੇ ਹੋਏ ਭਾਰਤ ਨੂੰ ਬੇਦਾਰ, ਹੁਸ਼ਿਆਰ ਕਰਨ ਲਈ ਪਾਰਬ੍ਰਹਮ ਨੇ ਗੁਰੂ ਨਾਨਕ ਜੀ ਨੂੰ ਜਗ ਮਾਹਿ ਪਠਾਇਆ। ਕੇਵਲ ਏਕੇ ਦੀ, ਸੱਚ ਦੀ ਤੌਹੀਦ ਦੀ ਏਨੀ ਉੱਚੀ ਜ਼ੋਰਦਾਰ ਅਵਾਜ਼ ਪੰਜਾਬ ਤੋਂ ਉੱਠੀ, ਜਿਸ ਨੇ ਜੰਗਲ ਬਲਿਆਂ ਵਿਚ, ਸ਼ੇਰਾਂ ਦੇ ਘੁਰਨਿਆਂ ਵਿਚ, ਪਖੰਡ ਦੇ ਗੜ੍ਹਾਂ ਵਿਚ, ਮੰਦਰਾਂ ਵਿਚ, ਮਸੀਤਾਂ ਵਿਚ, ਗਰੀਬ ਕਿਰਤੀਆਂ ਤੇ ਰਾਜ ਦਰਬਾਰਾਂ ਵਿਚ ਗ਼ਫ਼ਲਤ ਦੀ ਗਹਿਰੀ ਨੀਂਦ ਵਿਚ ਸੁੱਤਿਆਂ ਤੋਂ ਝੰਜੋੜ ਝੰਜੋੜ ਕੇ ਜਗਾਇਆ। ਸੰਸਾਰ ਵਿਚ ਕਈ ਸੁਧਾਰਕ ਤੇ ਰਹਿਬਰ ਹੁੰਦੇ ਆਏ ਹਨ, ਪਰ ਸੁੱਤੀ ਲੁਕਾਈ ਨੂੰ ਕੋਈ ਜਗਾ ਕਿਉਂ ਨਹੀਂ ਸਕਿਆ ? ਇਸ ਦਾ ਢੁੱਕਵਾਂ ਉੱਤਰ ਤਾਂ ਇਹੋ ਹੈ, 'ਸਤਿਗੁਰੁ ਜਾਗਤਾ ਹੈ ਦੇਉ'* ਕੇਵਲ ਪੂਰਨ ਗੁਰੂ ਹੀ, ਜਾਗਤ ਜੋਤਿ ਨੂੰ ਜਪਣ ਵਾਲੇ ਤੇ ਜਪਾਉਣ ਵਾਲੇ ਜਾਗਦੇ ਹਨ, ਬਾਕੀ ਸਭ ਲੋਕਾਈ ਸੁੰਸਰੀ ਵਾਂਗਰ ਸੁੱਤੀ ਪਈ ਹੈ। ਕਦੇ ਸੁੱਤੇ ਨੇ ਭੀ ਸੁੱਤਾ ਜਗਾਇਆ ਹੈ ? ਬਿਲਕੁਲ ਨਹੀਂ ਹੁਕਮ ਹੈ :–

ਇਕੋ ਸਤਿਗੁਰੁ ਜਾਗਤਾ ਹੋਰੁ ਜਗੁ ਸੂਤਾ ਮੋਹਿ ਪਿਆਸਿ ॥

ਸਤਿਗੁਰੁ ਸੇਵਨਿ ਜਾਗੰਨਿ ਸੇ ਜੋ ਰਤੇ ਸਚਿ ਨਾਮਿ ਗੁਣਤਾਸਿ ॥

ਮਨਮੁਖਿ ਅੰਧ ਨ ਚੇਤਨੀ ਜਨਮਿ ਮਰਿ ਹੋਹਿ ਬਿਨਾਸਿ ॥

ਨਾਨਕ ਗੁਰਮੁਖਿ ਤਿਨੀ ਨਾਮੁ ਧਿਆਇਆ ਜਿਨ ਕੰਉ ਧੁਰਿ ਪੂਰਬਿ ਲਿਖਿਆਸਿ ॥੨॥੧੭॥

[ਮ: ੩, ਵਡਹੰਸ ਕੀ ਵਾਰ, ਪੰਨਾ ੫੯੨-੯੩

ਗੁਰਦੇਵ ਗੁਰਮੁਖਾਂ ਤੇ ਮਨਮੁਖਾਂ ਦੀ ਅਵਸਥਾ ਦਾ ਟਾਕਰਾ ਕਰਦਿਆਂ ਫ਼ੁਰਮਾਉਂਦੇ ਹਨ ਕਿ ਮਨਮੁਖ ਵਾਸਤਵ ਵਿਚ ਅੰਨ੍ਹੇ ਹਨ, ਨਾਮ ਤੋਂ ਘੁਥੇ ਹਨ, ਸੂਝ ਨਹੀਂ, ਮਾਇਆ-ਮਦ ਮਾਤੇ ਡੂੰਘੀ ਨੀਂਦ ਵਿਚ ਸੁੱਤੇ ਹਨ ਤੇ ਅੰਮ੍ਰਿਤ ਲੁਟਾਈ ਜਾ ਰਹੇ ਹਨ। ਜਦ ਕਿ ਗੁਰਮੁਖ ਜਨ ਨਾਮ ਜਪਿ ਜਪਿ ਸਿਮਰਨ ਵਿਚ ਲੀਨ ਰਹਿੰਦੇ ਹਨ, ਜਾਗਤ ਅਵਸਥਾ ਵਿਚ ਵਿਚਰਦੇ ਹਨ ਤੇ ਆਪਣੀ ਪੂੰਜੀ ਸਲਾਮਤ ਰਖਦੇ ਹਨ। ਅੰਨ੍ਹਿਆਂ ਦਾ ਇਲਾਜ ਸਤਿਗੁਰ ਪਾਸ ਹੈ, ਉਹ ਗਿਆਨ ਦਾ ਸੁਰਮਾ ਪਾ ਕੇ ਦੈਵੀ ਜੋਤੀ ਬਖ਼ਸ਼ਦੇ ਹਨ।

ਕਹਤ ਨਾਨਕ ਜਨੁ ਜਾਗੈ ਸੋਇ ॥ ਗਿਆਨ ਅੰਜਨੁ ਜਾ ਕੀ ਨੇਤ੍ਰੀ ਹੋਇ ॥੬੨॥ ਪੰਨਾ ੧੧੨੮

ਇਹ ਗਿਆਨ-ਅੰਜਨ ਸਾਧਾਰਨ ਅੰਜਨ ਨਹੀਂ। ਇਸ ਦੀ ਸਹੀ ਵਰਤੋਂ ਨਾਲ ਨੇਤਰਾਂ ਵਿਚ ਰਸ-ਭਿੰਨੀ ਨਾਮ ਦੀ ਲਾਲੀ ਤੇ ਮਿਕਨਾਤੀਸੀ ਖਿੱਚ ਦੇ ਇਲਾਵਾ ਵਿਵੇਕ ਭਰੀ ਅੰਤਰ-ਦ੍ਰਿਸ਼ਟੀ ਉਤਪੰਨ ਹੁੰਦੀ ਹੈ।

ਉਸ ਸਮੇਂ ਇਸ ਵਿਸ਼ੇਸ਼ ਦ੍ਰਿਸ਼ਟੀ ਤੋਂ ਸੰਸਾਰ ਕੋਰਾ ਸੀ। ਸਾਧਾਰਨ ਮਨੁੱਖ ਦਾ ਕੀ ਕਹਿਣਾ, ਖ਼ੁਦਾ-ਪ੍ਰਸਤ ਪੀਰ ਫ਼ਕੀਰ, ਪੰਡਤ, ਸਿੱਧ ਜੋਗੀ ਆਦਿ ਅੱਖਾਂ ਹੁੰਦਿਆਂ ਵੀ ਕਾਣੇ ਤੇ ਅੰਨ੍ਹੇ ਸਨ। ਵਲੀ ਕੰਧਾਰੀ ਨੂੰ ਗੁਰੂ ਨਾਨਕ ਸਾਹਿਬ ਕੇਵਲ ਹਿੰਦੂ ਅਤੇ ਮਰਦਾਨਾ ਮੁਸਲਮਾਨ ਹੀ ਨਜ਼ਰ ਆਇਆ, ਇਸ ਤੋਂ ਵੱਧ ਕੁਝ ਨਹੀਂ। ਚਮਤਕਾਰੀ ਸ਼ਕਤੀਆਂ ਦਾ ਮਾਲਕ ਅਜੇ ਵੀ ਟੇਢੀ ਨਦਰਿ ਦਾ ਮਰੀਜ਼ ਸੀ। ਹਜ਼ੂਰ ਨੇ ਉਸ ਉਤੇ ਰਹਿਮਤ ਕਰਨ ਲਈ ਹੀ ਪੰਜਾ ਲਾਉਣ ਦਾ ਕੌਤਕ ਰਚਿਆ, ਜਿਸ ਕਰਕੇ ਵਲੀ ਨੂੰ ਆਤਮਕ ਸੋਝੀ ਹੋਈ ਕਿ ਆਪਣੇ ਧਰਮ ਵਿਚ ਨਿਸ਼ਚਾ, ਦ੍ਰਿੜ੍ਹਤਾ ਅਤੇ ਦੂਸਰੇ ਧਰਮ ਪ੍ਰਤੀ ਸਤਿਕਾਰ, ਸਨਮਾਨ ਅਰੋਗ ਅੱਖਾਂ ਦੀ ਪਛਾਣ ਹੈ।

ਸਿੱਧ ਸਰੀਰਕ ਉਮਰਾ ਦੇ ਚੱਕਰ ਤੋਂ ਬਾਹਰ ਨ ਨਿਕਲੇ। ਉਹਨਾਂ ਲਈ ਰੂਹਾਨੀਅਤ ਦਾ ਮਾਪ-ਦੰਡ ਲੰਮੀ ਦੀਰਘ ਆਯੂ ਸੀ। ਇਸੇ ਕਰਕੇ ਗੁਰੂ ਨਾਨਕ ਜੀ ਨੂੰ 'ਬਾਲਾ' ਕਹਿ ਕੇ ਪੁਕਾਰਿਆ। ਜਿਨ੍ਹਾਂ ਨੀਚ ਜਾਤ ਦੇ ਭਗਤਾਂ ਨੂੰ ਗੁਰੂ ਅਰਜਨ ਸਾਹਿਬ ਨੇ ਵੱਡਿਆ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਰਾਬਰ ਦਾ ਰੁਤਬਾ ਦਿੱਤਾ, ਉਨ੍ਹਾਂ ਨੂੰ ਹਿੰਦੂ ਧਰਮ ਦੇ ਆਗੂ ਤੇ ਮੰਦਰਾਂ ਦੇ ਪੁਜਾਰੀ ਤਾਂ ਸਦਾ ਦੁਰਕਾਰਦੇ ਹੀ ਰਹੇ।

* ਆਸਾ ਕਬੀਰ ਜੀ, ਪੰਨਾ ੪੭੯

[ਬਾਕੀ ਦੇਖੋ ਸਫ਼ਾ ੧੩ ਦੇ ਹੇਠ]



www.AKJ.Org

# ਭਾਈ ਨੰਦ ਲਾਲ ਜੀ ਅਨੁਸਾਰ ਗੁਰੂ ਨਾਨਕ ਦੇਵ ਜੀ

[ਗਿਆਨੀ ਜਸਵੰਤ ਸਿੰਘ ਜੀ ਬੀ.ਏ., ਬੀ.ਟੀ., ਅੰਮ੍ਰਿਤਸਰ]

ਪਹਿਲੀ ਪਾਤਸ਼ਾਹੀ ਦੇ ਅਵਤਾਰ ਧਾਰਨ ਦਾ ਪਵਿੱਤਰ ਪੁਰਬ ਆ ਗਿਆ ਹੈ। ਅਸੀਂ ਅੰਨ੍ਹੇ ਸਾਂ। ਅਸੀਂ ਖੀਨ ਖਰਾਬ ਅਤੇ ਖੁਆਰ ਹੋ ਰਹੇ ਸਾਂ। ਸਾਨੂੰ ਸੱਚ ਝੂਠ, ਖਰੇ ਖੋਟੇ, ਗ਼ਲਤ ਠੀਕ ਅਤੇ ਰੱਬ ਦੇ ਰਾਹ ਦੀ ਕੋਈ ਸੋਝੀ ਨਹੀਂ ਸੀ। ਸਤਿਗੁਰੂ ਨਾਨਕ ਸਾਡੀ ਧਰਤੀ ਤੇ ਆਏ। ਸਾਡੇ ਉਤੇ ਤਰਸ ਕੀਤਾ । ਸਾਨੂੰ ਚਾਨਣ ਬਖਸ਼ਿਆ, ਸਾਨੂੰ ਸੱਚੇ ਧਰਮ ਦਾ ਰਾਹ ਦਿਖਾਇਆ। ਸਾਡੀ ਬਾਂਹ ਫੜੀ, ਸਾਨੂੰ ਟਿਕਾਣੇ ਤੇ ਪੁਚਾ ਦਿੱਤਾ। ਦਸਵੇਂ ਪਾਤਸ਼ਾਹ ਦੇ ਇਕ ਅਤਿਅੰਤ ਪਿਆਰੇ ਫ਼ਾਰਸੀ ਦੇ ਕਵੀ, ਜੋ ਆਪਣੇ ਆਪ ਨੂੰ 'ਗੋਯਾ' ਜਾਂ 'ਲਾਲ' ਵੀ ਕਹਿ ਲੈਂਦੇ ਹਨ, ਨੇ ਉਨ੍ਹਾਂ ਦੀ ਉਪਮਾ ਕਵਿਤਾ ਰਾਹੀਂ ਕੀਤੀ ਹੈ, ਉਸ ਦਾ ਖੁਲ੍ਹਾ ਅਨੁਵਾਦ ਕਰਨ ਦਾ ਨਿਮਾਣਾ ਜਿਹਾ ਜਤਨ ਕਰ ਰਿਹਾ ਹਾਂ :–

"ਸੱਚੇ ਧਰਮ ਦੇ ਪਾਤਸ਼ਾਹ ਦਾ ਨਾਂ 'ਨਾਨਕ' ਹੈ। ਉਸ ਵਰਗਾ ਕੋਈ ਹੋਰ ਭਗਤ ਸੰਸਾਰ ਤੇ ਨਹੀਂ ਹੋਇਆ। ਉਸ ਦੀ ਭਗਤੀ ਆਪਣੀ ਸਿਖਰ ਨੂੰ ਜਾ ਛੂੰਹਦੀ ਹੈ। ਉਸ ਦੇ ਸਾਹਵੇਂ ਸੰਸਾਰ ਸਾਰੇ ਦੀ ਭਗਤੀ ਫਿਕੀ-ਫਿਕੀ ਪੈ ਜਾਂਦੀ ਹੈ। ਆਮ ਖ਼ਾਸ ਦੀ ਤਾਂ ਕੀ ਬਾਤ ਹੈ, ਕੁਲ ਦੇਵਤੇ ਤੇ ਪ੍ਰਭੂ ਦੀ ਦਰਗਾਹ ਵਿਚ ਪਰਵਾਨ ਪਏ ਸਾਰੇ ਪਿਆਰੇ ਉਸਦੀ ਚਰਨ-ਧੂੜ ਨੂੰ ਤਰਸਦੇ ਹਨ। ਪਰਮਾਤਮਾ ਆਪ ਉਸਦੀ ਉਪਮਾ ਵਿਚ ਮਗਨ ਹੈ, ਤਾਂ ਮੈਂ ਉਸਦੀ ਮਹਿਮਾ ਦਾ ਕੀ ਪਾਰ ਪਾ ਸਕਦਾ ਹਾਂ! ਲੱਖਾਂ ਦੇਵਤੇ ਅਤੇ ਲੱਖਾਂ ਹੀ ਸੰਸਾਰੀ ਮਨੁੱਖ ਉਸਦੇ ਸਿੱਖ ਹੋਣ ਦਾ ਸ਼ਰਫ਼ ਰਖਦੇ ਹਨ। ਸਮੂਹ ਅਜ਼ਮਤਾਂ ਵਾਲੇ ਉਸ ਤੋਂ ਕੁਰਬਾਨ ਹਨ ਅਤੇ ਪਰਮਾਤਮਾ ਵਿਚ ਲੀਨ ਸਮੂਹ ਆਤਮਾਵਾਂ ਉਸਦੀ ਚਰਨ-ਸ਼ਰਨ ਲੋਚਦੀਆਂ ਹਨ। ਕੁਲ ਮਾਨਸ ਉਸ ਦੀ ਕਿਰਪਾ ਨਾਲ ਦੇਵਤੇ ਹੋ ਜਾਂਦੇ ਹਨ। ਧਰਤੀ ਤੇ ਅਕਾਸ਼ ਵਿਚ ਉਸ ਦੀ ਜੋਤਿ ਦਾ ਹੀ ਪ੍ਰਕਾਸ਼ ਹੈ। ਉਸ ਦੇ ਦਰ-ਘਰ ਵਿਚ ਨਿਵਾਸ ਰਖਣ ਵਾਲੇ ਵਿਸ਼ੇਸ਼ ਵਿਅਕਤੀ ਹੋ ਨਿਬੜਦੇ ਹਨ। ਅਕਾਲ ਪੁਰਖ ਦੀ ਸੱਚੀ ਸਿਫਤ-ਸਲਾਹ ਉਨ੍ਹਾਂ ਤੋਂ ਹੀ ਬਣ ਆਂਦੀ ਹੈ। ਉਨ੍ਹਾਂ ਦਾ ਮਾਨ-ਮਰਤਬਾ ਅਤੇ ਨਿਸ਼ਾਨ ਰਹਿੰਦੀ ਦੁਨੀਆ ਤਕ ਕਾਇਮ ਰਹੇ, ਸਰਬੱਗ ਰੱਬ ਉਨ੍ਹਾਂ ਨੂੰ ਇਕ ਦੂਜੇ ਤੋਂ ਅੱਗੇ ਲਿਜਾਵੇ।

"ਸਰਬ ਸ਼ਕਤੀਮਾਨ ਪਰਮੇਸ਼ਰ ਨੇ ਜਦ ਉਸ ਨੂੰ ਸਾਰੇ ਸੰਸਾਰ ਦਾ ਸਤਿਗੁਰੂ ਥਾਪਿਆ ਤਾਂ ਉਸ ਨੇ ਕਿਹਾ, ਮੈਂ ਤਾਂ ਤੇਰਾ ਸੇਵਕ ਤੇ ਦਾਸ ਹਾਂ। ਤੇਰੇ ਖ਼ਾਸ ਤਾਂ ਕੀ, ਆਮ ਬੰਦਿਆਂ ਦੇ ਕਦਮਾਂ ਦੀ ਧੂੜ ਹਾਂ। ਜਦੋਂ ਮੁੜ ਕੇ ਉਸ ਨੂੰ ਉਸੇ ਪਦਵੀ (ਜਗਤ-ਗੁਰੂ) ਨਾਲ ਸੰਬੋਧਨ ਕੀਤਾ ਗਿਆ ਤਾਂ ਬਾਰ-ਬਾਰ ਉਸ ਨੇ ਉਹੋ ਉਤਰ ਦਿੱਤਾ। (ਅੰਤ ਅਕਾਲ ਪੁਰਖ ਨੇ ਕਿਹਾ) ਕਿ ਤੇਰੇ ਅੰਦਰ ਮੇਰਾ ਹੀ ਨਿਵਾਸ ਹੈ, ਤੇਰੇ ਬਿਨਾਂ (ਇਸ ਪਦਵੀ ਦੇ ਯੋਗ) ਕੋਈ ਹੋਰ ਪ੍ਰਾਣੀ ਨਹੀਂ ਹੈ। ਮੈਂ ਜੋ ਚਾਹੁੰਦਾ ਹਾਂ, ਉਹੀ ਕਰਾਂਗਾ ਅਤੇ ਉਹੋ ਹੀ ਠੀਕ ਹੈ।

"ਸੰਸਾਰ ਨੂੰ ਮੇਰੇ ਸਿਮਰਨ ਦਾ ਰਾਹ ਵਿਖਾ। ਸਾਰਿਆਂ ਨੂੰ ਮੇਰੀ ਸਿਫ਼ਤ-ਸਲਾਹ ਸੁਣਾ । ਸਭਨੀਂ ਥਾਈਂ ਮੈਂ ਤੇਰੀ ਓਟ ਹਾਂ, ਤੇਰਾ ਮਿੱਤਰ ਹਾਂ। ਮੈਂ ਤੈਨੂੰ ਹੀ ਚਾਹੁੰਦਾ ਹਾਂ ਤੇਰੀ ਸਹਾਇਤਾ ਕਰਾਂਗਾ। ਜੋ ਕੋਈ ਵੀ ਤੇਰੇ ਨਾਮ ਨੂੰ ਮਹਾਨ ਜਾਣੇਂਗਾ, ਮੇਰੀ ਸਿਫ਼ਤ-ਸਲਾਹ ਲਈ ਉਸ (ਨਾਮ) ਦਾ ਅਭਿਆਸ ਕਰੇਗਾ, ਫਿਰ ਮੈਂ ਉਸ ਨੂੰ ਆਪਣੀ ਜੋਤਿ ਪ੍ਰਗਟਾਅ ਦਿਆਂਗਾ। ਮੇਰੇ ਬਚਨ ਦ੍ਰਿੜ੍ਹਤਾ ਨਾਲ ਕਬੂਲ ਕਰ ਅਤੇ ਕਮਰ-ਕਸਾ ਕਰ ਲੈ। ਸੰਸਾਰ ਦਾ ਚੱਕਰ ਲਗਾ, ਸਹੀ ਰਾਹ ਵਿਖਾ। ਮੇਰੇ ਨਾਮ ਦੇ ਬਿਨਾਂ ਤਾਂ ਦੁਨੀਆ ਦਾ ਕੱਚੀ ਕੌਡੀ ਵੀ ਮੁੱਲ ਨਹੀਂ। ਜਦ ਸਹੀ ਅਰਥਾਂ ਵਿਚ ਮੈਂ ਹੀ ਰਾਹ ਵਿਖਾਣ ਵਾਲਾ ਹਾਂ, ਤੂੰ ਚਹੁੰ ਚੱਕਾਂ ਵਿਚ ਘੁੰਮ ਜਾ। ਜਿਸ ਨੂੰ ਪ੍ਰਸੰਨ ਹੋ ਕੇ ਮੈਂ ਰਾਹ ਵਿਖਾਉਣਾ ਚਾਹਾਂਗਾ, ਤੇਰੇ ਰਾਹੀਂ ਹੀ ਉਸ ਦੇ ਹੀਅਰੇ ਵਿਚ ਹੁਲਾਸ ਤੇ ਵਿਗਾਸ ਪੈਦਾ ਕਰ ਦਿਆਂਗਾ। ਜਿਸ ਉਤੇ ਮੇਰਾ ਕਰੋਪ ਹੋਵੇਗਾ, ਉਸ ਨੂੰ ਰਾਹ ਭੁਲਾ ਦਿਆਂਗਾ । ਉਹੋ ਹੀ ਤੇਰੀ ਸਿਖਿਆ-ਦੀਖਿਆ ਲੈ ਕੇ ਰੱਬ ਵਲ ਨਹੀਂ ਜਾਵੇਗਾ।


www.AKJ.Org

"ਮੇਰੇ ਨਾਮ ਤੋਂ ਸੁੰਞੀ ਹੋ ਕੇ ਦੁਨੀਆ ਗ਼ਲਤ ਰਾਹੇ ਜਾ ਰਹੀ ਹੈ। ਮੇਰੇ ਮੰਤਰ ਨਾਲ ਹੀ ਜਾਦੂਗਰ ਬਣੇ ਫਿਰਦੇ ਹਨ। ਉਹ ਮਰਿਆਂ ਨੂੰ ਜਿਵਾ ਦਿੰਦੇ ਹਨ, ਜੀਉਂਦਿਆਂ ਦੀ ਜਾਨ ਕੱਢ ਲੈਂਦੇ ਹਨ। ਅੱਗ ਨੂੰ ਪਾਣੀ ਵਰਗਾ ਬਣਾ ਵਿਖਾਉਂਦੇ ਹਨ ਅਤੇ ਪਾਣੀ ਨੂੰ ਅੱਗ ਲਗਾ ਦਿੰਦੇ ਹਨ। ਉਹ ਜੋ ਵੀ ਚਾਹੁੰਦੇ ਹਨ, ਉਹ ਕੁਝ ਕਰ ਲੈਂਦੇ ਹਨ। ਉਹ ਸਭ ਵਸਤੂਆਂ ਤੇ ਜਾਦੂ ਕਰ ਸਕਦੇ ਹਨ।

"ਤੂੰ ਉਨ੍ਹਾਂ ਦੇ ਜੀਵਨ ਨੂੰ ਮੇਰੇ ਵਲ ਮੋੜ ਦੇਹ, ਤਾਕਿ ਉਹ ਮੇਰੀ ਬਾਣੀ ਨੂੰ ਪਰਵਾਨ ਕਰ ਲੈਣ। ਮਰੇ ਸਿਮਰਨ ਨੂੰ ਛੱਡ ਕੇ ਉਹ ਜਾਦੂ-ਟੂਣਿਆਂ ਵਲ ਨ ਜਾਣ। ਮੇਰਾ ਦਰ-ਘਰ ਛੱਡ ਕੇ ਉਹ ਦੁਆਰੇ-ਦੁਆਰ (ਦਰ-ਬ ਦਰ) ਨਾ ਡੋਲਦੇ ਫਿਰਨ। ਤੂੰ (ਉਹਨਾਂ ਤੇ ਕਿਰਪਾ ਕਰ) ਕਿ ਉਹ ਨਰਕ ਵਿਚ ਪੈਣ ਤੋਂ ਬੱਚ ਜਾਣ, ਨਹੀਂ ਤਾਂ ਉਹ ਸਾਰੇ ਪਕੜੇ-ਜਕੜੇ ਉਸ ਵਿਚ ਪੈਣਗੇ ਹੀ। ਕੁਲ ਜ਼ਹਾਨ, ਇਕ ਸਿਰੇ ਤੋਂ ਦੂਜੇ ਸਿਰੇ ਤਕ, ਘੁੱਪ ਹਨੇਰਾ ਹੈ, ਉਹ ਸੱਦਾ ਦੇ ਰਿਹਾ ਹੈ। ਸੰਸਾਰੀ ਮਨੁੱਖ, ਦੁਖ ਸੁਖ ਨੂੰ ਮੇਰੇ ਵਲੋਂ ਆਇਆ ਨਹੀਂ ਸਮਝਦੇ। ਸਾਰੇ ਪ੍ਰੇਸ਼ਾਨ ਹਨ, ਕਿਉਂਕਿ ਉਨ੍ਹਾਂ ਦਾ ਧਿਆਨ ਮੇਰੇ ਵਲ ਨਹੀਂ ਹੈ।

"ਉਹ ਇਕਠੇ ਹੋਂਦੇ ਹਨ ਅਤੇ ਮਾੜੇ ਚੰਗੇ ਦਿਨਾਂ ਦੇ ਸੰਬੰਧ ਤਾਰਿਆਂ (ਗ੍ਰਹਿਆਂ) ਨਾਲ ਜੋੜਦੇ ਹਨ। ਫਿਰ ਮੰਦੇ-ਚੰਗੇ ਭਾਗ ਲਿਖਤ ਵਿਚ ਲਿਆਉਂਦੇ ਹਨ, ਮੁੜ ਅੱਗੇ ਪਿਛੇ ਉਹੋ ਹੀ ਗੱਲਾਂ ਕਰੀ ਜਾਂਦੇ ਹਨ। ਉਹ ਸਿਮਰਨ ਦੇ ਆਸਰੇ ਸਥਿਰਤਾ ਨਹੀਂ ਭਾਲਦੇ। ਗੱਲਾਂ ਵਿਚ ਪ੍ਰਬੀਨ ਹਨ, ਪਰ ਜੀਵਨ ਵਿਚ ਡਾਵਾਂ-ਡੋਲ ਤੇ ਦੀਨ। ਸਾਰਿਆਂ ਦਾ ਧਿਆਨ ਮੇਰੇ ਚਿੰਤਨ ਵਲ ਮੋੜ ਦੇਹ, ਤਾਕਿ ਮੇਰੇ ਸਿਮਰਨ ਤੋਂ ਬਿਨਾਂ ਕਿਸੇ ਕਾਸੇ ਨਾਲ ਪਿਆਰ ਨਾ ਪਾਉਣ। ਇਸ ਤਰ੍ਹਾਂ ਹੀ ਮੈਂ ਇਨ੍ਹਾਂ ਦੀ ਬਿਗੜੀ ਸਵਾਰ ਸਕਾਂਗਾ, ਉਨ੍ਹਾਂ ਦਾ ਦਿਲ ਗਿਆਨ-ਚਾਨਣੇ ਨਾਲ ਰੁਸ਼ਨਾਅ ਸਕਾਂਗਾ।

'ਮੈਂ ਤੈਨੂੰ ਏਸੇ ਆਸ਼ੇ ਲਈ ਸੰਸਾਰ ਵਿਚ ਭੇਜਿਆ ਹੈ ਕਿ ਤੂੰ ਸਾਰੇ ਜਹਾਨ ਨੂੰ ਰਾਹ ਵਿਖਾਉਣ ਵਾਲਾ ਬਣੇਂ। ਉਨ੍ਹਾਂ ਦੇ ਸੁਭਾਅ ਵਿਚੋਂ ਗ਼ੈਰ ਦਾ ਪਿਆਰ ਨਾਸ ਕਰ ਦੇਵੇਂ, ਸਾਰਿਆਂ ਨੂੰ ਸੱਚਾ ਰਸਤਾ ਵਿਖਾ ਦੇਵੇਂ।

"ਪਾਤਸ਼ਾਹ ਨੇ ਕਿਹਾ ਕਿ ਮੇਰੇ ਅੰਦਰ ਕੋਈ ਬੱਲ ਨਹੀਂ, ਕਿ ਸਾਰਿਆਂ ਦੇ ਦਿਲ ਸਹੀ ਪਾਸੇ ਮੋੜ ਦਿਆਂ। ਇਹ ਮਹਾਨ ਕਾਰਜ ਅਤਿ ਉੱਚਾ ਹੈ, ਮੈਂ ਅਤਿ ਨੀਵਾਂ ਹਾਂ। ਤੇਰੇ ਪ੍ਰਤਾਪ ਦੀ ਸ਼ਾਨ ਅਤਿ ਮਹਾਨ ਹੈ ਮੇਰਾ ਜਤਨ ਅਤਿ ਨਿਰਮਾਨ ਹੈ। ਪਰ ਫਿਰ ਵੀ ਤੇਰਾ ਹੁਕਮ ਤਨੋਂ ਮਨੋਂ ਪਾਲਾਂਗਾ, ਇਸ ਵਲੋਂ ਖਿਨ ਪਲ ਲਈ ਵੀ ਅਵੇਸਲਾ ਨਹੀਂ ਹੋਵਾਂਗਾ। ਪਰ ਸਾਰਿਆਂ ਦਾ ਪੱਥ-ਪਰਦਸ਼ਰਕ ਅਤੇ ਸੱਚਾ ਸਿਖਸ਼ਕ (ਗੁਰੂ) ਤੂੰ ਹੀ ਹੈਂ। ਫਿਰ ਰਾਹ ਤੇ ਚਲਾਉਣ ਵਾਲਾ ਅਤੇ ਸਾਰਿਆਂ ਦੇ ਦਿਲਾਂ ਨੂੰ ਪਤਿਆਉਣ ਵਾਲਾ ਭੀ ਤੂੰ ਹੀ ਹੈਂ।"

---

[ਸਫ਼ਾ ੧੧ ਦੀ ਬਾਕੀ] ਗੁਰੂ ਨਾਨਕ ਜੀ ਨੇ ਵੇਈਂ ਨਦੀ ਵਿਚ ਅਲੋਪ ਹੋ ਕੇ, ਅਕਾਲ ਪੁਰਖ ਤੋਂ ਅਸ਼ੀਰੰਵਾਦ ਤੇ ਨਾਮ ਦੀ ਬਖ਼ਸ਼ਸ਼ ਪ੍ਰਾਪਤ ਕਰਨ ਉਪਰੰਤ, ਪਹਿਲਾ ਨਾਅਰਾ 'ਮਾਨਵਤਾ ਦੇ ਧਰਮ' ਦਾ ਲਗਾਇਆ। ਅਕਾਲ ਪੁਰਖ ਨੂੰ ਅ-ਮਜ਼ਬੇ, ਅਜਾਤੇ, ਅਪਾਤੇ ਦੇ ਰੂਪ ਵਿਚ ਤੱਕਣ ਬਾਅਦ, ਉਸ ਦੀ ਰਚੀ ਸਾਰੀ ਕਾਇਨਾਤ ਹਰਿ ਕਾ ਰੂਪ ਦਿਖਾਈ ਦਿੱਤੀ। ਉਸ ਏਕੇ ਦੇ ਦਰਬਾਰ ਵਿਚ, ਅੱਲਾ ਭਗਵਾਨ ਏਕੋ, ਹਿੰਦੂ ਮੁਸਲਮਾਨ ਏਕ, ਸਾਰਾ ਜਹਾਨ ਏਕੋ, ਆਪਣੀਆਂ ਅੱਖਾਂ ਨਾਲ ਤੱਕ ਕੇ ਫਿਰ ਸਰਬੋਤਮ ਬਾਣੀ ਜਪੁ ਜੀ ਸਾਹਿਬ ਦੀ ਅਰੰਭਤਾ ੧ੴ ਨਾਲ ਕਰਕੇ, ਕਰਨੀ ਤੇ ਕਥਨੀ ਦੁਆਰਾ ਤੌਹੀਦ ਦਾ ਪਰਚਾਰ ਕੀਤਾ।

ਹੇਠ ਲਿਖੇ ਗੁਰਵਾਕ ਵਿਚ ਨਾ-ਕੇਵਲ ਕਰੀਮ ਰਹੀਮ, ਅਲਹ, ਖੁਦਾਇ, ਮਾਲਕ, ਖਾਲਕ, ਮੌਲਾ ਸੇਖ, ਪੀਰ ਪੈਗੰਬਰ, ਕਤੇਬ ਕੁਰਾਨ ਅਤੇ ਅਲਖ ਅਪਾਰ, ਗੋਬਿੰਦ ਗੋਪਾਲ, ਮੁਕੰਦ, ਨਾਰਾਇਣ, ਜਗੰਨਾਥ ਜਗਜੀਵਨ ਮਾਧੋ, ਬਾਸੁਦੇਵ ਹਰਿ ਹਰਿ ਸਿਰਜਣਹਾਰ, ਆਦਿ ਵਾਹਿਗੁਰੂ ਨਾਮ ਦੇ ਅਲੱਗ ਅਲੱਗ ਧਰਮਾਂ ਨਾਲ ਸੰਬੰਧਤ ਵੱਖ ਵੱਖ ਨਾਮਾਂ ਦੀ ਸਮੂਹਕ ਵਰਤੋਂ ਕੀਤੀ ਹੋਈ ਹੈ, ਬਲਕਿ ਗੁਰਦੇਵ ਨੇ ਇਨ੍ਹਾਂ ਦੀ ਇਕ-ਰੂਪਤਾ, ਸਮਾਨ-ਰੂਪਤਾ ਅਤੇ ਘੱਟ ਘੱਟ ਦੇ ਵਿਚ ਪਸਰ ਰਹੀ ਹਰਿ ਜੋਤਿ ਦਾ ਨਕਸ਼ਾ ਖਿੱਚਿਆ ਹੈ–

ਕਾਰਨ ਕਰਨ ਕਰੀਮ ॥ ਸਰਬ ਪ੍ਰਤਿਪਾਲ ਰਹੀਮ ॥..........
ਕਹੁ ਨਾਨਕ ਗੁਰਿ ਖੋਏ ਭਰਮ ॥ ਏਕੋ ਅਲਹੁ ਪਾਰਬ੍ਰਹਮ ॥੫॥੩੪॥੪੫॥ [ਪੰਨਾ ੮੯੬-੯੭

www.AKJ.Org

# ਸਤਿਗੁਰ ਨਾਨਕ ਜੀ ਦਾ ਅੰਦਾਜ਼ੇ-ਕਲਾਮ

[ ਪ੍ਰੋਫ਼ੈਸਰ ਗੁਰਮੁਖ ਸਿੰਘ ਜੀ ]

ਪੰਜ ਦਰਿਆਵਾਂ ਵਾਲ਼ੀ ਧਰਤੀ ਨੂੰ ਭਾਗ ਲੱਗੇ । ਸਤਿਗੁਰੂ ਨਾਨਕ ਦੇਵ ਜੀ ਦਾ ਇਸ ਧਰਤੀ ਤੇ ਲੱਗ ਪਗ ਸਵਾ ਪੰਜ ਸੌ ਸਾਲ ਪਹਿਲਾਂ ਪ੍ਰਕਾਸ਼ ਹੋਇਆ । ਸ਼ੁਰੂ ਤੋਂ ਹੀ ਆਪ ਜੀ ਦੀ ਸ਼ਖ਼ਸੀਅਤ ਅਦੁਤੀ ਸੀ । ਆਪ ਦੀ ਮੌਲਿਕਤਾ ਤੋਂ ਮਕਤਬ ਦਾ ਮੌਲਵੀ ਅਤੇ ਪਾਠਸ਼ਾਲਾ ਦਾ ਪੰਡਿਤ ਸਭ ਤੋਂ ਪਹਿਲਾਂ ਪ੍ਰਭਾਵਤ ਹੋਏ । ਉਹਨਾਂ ਅਜਿਹਾ ਸੁਚੇਤ ਬਾਲਕ ਪਹਿਲਾਂ ਕਦੀ ਨਹੀਂ ਸੀ ਦੇਖਿਆ ।

ਭਲਾ ਨੌਂ ਸਾਲ ਭੀ ਕੋਈ ਵੱਡੀ ਉਮਰ ਹੈ, ਜਦੋਂ ਬਾਲਕ ਨਾਨਕ ਨੇ ਕੁਲ ਦੇ ਪ੍ਰੋਹਿਤ ਤੋਂ ਕੱਚੇ ਧਾਗਿਆਂ ਦਾ ਰਸਮੀ ਜਨੇਊ ਨਹੀਂ ਪਾਇਆ । ਸਗੋਂ ਪ੍ਰੋਹਿਤ ਨੂੰ ਸਮਝਾਇਆ ਕਿ ਐਸਾ ਜਨੇਊ ਲੋਕਾਂ ਨੂੰ ਪਾਇਆ ਕਰੋ ਜੋ ਕਦੀ ਟੁਟੇ ਨਾ, ਕਦੀ ਮੈਲਾ ਨਾ ਹੋਵੇ, ਕਦੇ ਅੱਗ ਵਿਚ ਸੜੇ ਨਾ ਅਤੇ ਜੋ ਲੋਕ-ਪ੍ਰਲੋਕ ਵਿਚ ਮਨੁੱਖ ਦੇ ਨਾਲ ਨਿਭੇ । ਪ੍ਰੋਹਿਤ ਚੱਕਾ-ਚੌਂਧ ਰਹਿ ਗਿਆ । ਇਹ ਬਾਲਕ ਹੈ ਕਿ ਮਹਾਨ ਗਿਆਨਵਾਨ ? ਪੁਛਿਆ, 'ਨਾਨਕ ਉਹ ਜਨੇਉ ਕਿਥੇ ਮਿਲਦਾ ਹੈ ?' ਕਿਹੜੇ ਧਾਗਿਆਂ ਦਾ ਬਣਾਇਆ ਜਾਂਦਾ ਹੈ ? ਬਾਲਕ ਨਾਨਕ ਦਾ ਉਤਰ ਸੀ–

ਦਇਆ ਕਪਾਹ, ਸੰਤੋਖੁ ਸੂਤੁ, ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ, ਹਈ ਤ ਪਾਡੇ ਘਤੁ ॥
ਨਾ ਏਹੁ ਤੁਟੈ, ਨ ਮਲੁ ਲਗੈ, ਨਾ ਏਹੁ ਜਲੈ ਨ ਜਾਇ ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥੧॥੧੫॥

[ਸਲੋਕ ਮ: ੧, ਆਸਾ ਕੀ ਵਾਰ, ਪੰਨਾ ੪੭੧

ਦਇਆ, ਸੰਤੋਖੁ, ਜਤੁ, ਸਤੁ, ਇਹ ਐਸੇ ਗੁਣ ਹਨ, ਜੋ ਮਨੁੱਖ ਦੇ ਚਰਿਤਰ-ਨਿਰਮਾਣ ਲਈ ਅਤਿ ਜ਼ਰੂਰੀ ਹਨ । ਪ੍ਰੋਹਿਤ ਰਿਵਾਜ ਅਨੁਸਾਰ ਜਨੇਊ ਸਭ ਦੇ ਗਲ ਪਾ ਦਿੰਦਾ ਹੈ, ਇਹ ਦਰਸਾਣ ਲਈ ਕਿ ਇਹ ਹਿੰਦੂ ਹੋਣ ਦੇ ਬਾਹਰਲੇ ਚਿੰਨ੍ਹ ਹਨ, ਅੰਦਰਲੀ ਰਹਿਤ ਰਹਿਣੀ ਲਈ ਜਨੇਊ ਦੇ ਨਾਲ ਹੋਰ ਉਹ ਕੋਈ ਉਪਦੇਸ਼ ਨਹੀਂ ਦੇ ਰਿਹਾ । ਆਪ ਜਾਣਦੇ ਸਨ ਕਿ ਬਾਹਰਲੇ ਚਿੰਨ੍ਹ ਪਾਠ-ਪੂਜਾ, ਰੋਜ਼ਾ-ਨਿਮਾਜ਼, ਧੋਤੀ-ਟਿੱਕਾ, ਹੱਜ-ਤੀਰਥ, ਪੁੰਨ-ਦਾਨ ਦਾ ਸਾਈਂ ਦੇ ਮਿਲਾਪ ਨਾਲ ਕੋਈ ਸੰਬੰਧ ਨਹੀਂ । ਵੱਖੋ ਵੱਖ ਧਰਮ ਦੀ ਪਹਿਚਾਨ ਲਈ ਤਾਂ ਇਹ ਚਿੰਨ੍ਹ ਜ਼ਰੂਰੀ ਹੋ ਸਕਦੇ ਹਨ, ਪਰ ਰੱਬ ਦੇ ਮਿਲਣ ਲਈ ਇਹ ਚਿੰਨ੍ਹ ਸਾਡੇ ਪਾਪੀ ਮਨ ਨੂੰ ਸਾਫ਼ ਨਹੀਂ ਕਰਦੇ । ਮਨ ਨੂੰ ਕਿਸੇ ਜਨੇਊ ਨਹੀਂ ਪਾਇਆ, ਜਨੇਊ ਤਾਂ ਸਰੀਰ ਤੇ ਪਾਇਆ ਗਿਆ ਹੈ । ਤਾਂ ਹੀ ਪ੍ਰੋਹਿਤ ਨੂੰ ਬੜੇ ਵਿਅੰਗ-ਮਈ ਅੰਦਾਜ਼ ਵਿਚ ਮਹਾਰਾਜ ਨੂੰ ਕਹਿਣਾ ਪਿਆ :–

ਤਗੁ ਨ ਇੰਦ੍ਰੀ ਤਗੁ ਨ ਨਾਰੀ ॥ ਭਲਕੇ ਥੁਕ ਪਵੈ ਨਿਤ ਦਾੜੀ ॥
ਤਗੁ ਨ ਪੈਰੀ, ਤਗੁ ਨ ਹਥੀ ॥ ਤਗੁ ਨ ਜਿਹਵਾ ਤਗੁ ਨ ਅਖੀ ॥
ਵੇਤਗਾ ਆਪੇ ਵਤੈ ॥ ਵਟਿ ਧਾਗੇ ਅਵਰਾ ਘਤੈ ॥
ਲੈ ਭਾੜਿ ਕਰੇ ਵੀਆਹੁ ॥ ਕਢਿ ਕਾਗਲੁ ਦਸੇ ਰਾਹੁ ॥
ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥ ਮਨਿ ਅੰਧਾ, ਨਾਉ ਸੁਜਾਣੁ ॥੪॥ (ਪੰਨਾ ੪੭੧)

ਬ੍ਰਾਹਮਣ ਹਿੰਦੂ ਧਰਮ ਦਾ ਸੰਚਾਲਕ ਉਦੋਂ ਭੀ ਸੀ ਤੇ ਹੁਣ ਭੀ । ਗੁਰੂ ਨਾਨਕ ਉਸ ਨੂੰ (ਮਨ ਦਾ) ਅੰਧਾ ਆਗੂ ਵੇਖ ਕੇ ਹੈਰਾਨ ਹੋ ਰਹੇ ਸਨ ਕਿ ਇਹੋ ਜਿਹਾ ਆਗੂ ਕੌਮ ਨੂੰ ਸਹੀ ਸੇਧ ਦੇ ਸਕੇਗਾ ? ਬ੍ਰਾਹਮਣ ਨੇ ਪਹਿਲੀ ਵਾਰ ਮੁਸਲਮਾਨ ਨੂੰ ਮਲੇਛ ਕਿਹਾ । ਐਸਾ ਦੁਰਕਾਰਿਆ ਕਿ ਵੀਹਵੀਂ ਸਦੀ ਵਿਚ ਭਾਰਤ ਦੀ ਵੰਡ ਦਾ ਕਾਰਨ ਬਣਿਆ । ਪਰ ਜਗਤ ਦਾ ਉਧਾਰ ਕਰਨ ਵਾਲੇ ਗੁਰੂ ਨਾਨਕ ਦੀਆਂ ਨਜ਼ਰਾਂ ਵਿਚ ਮੁਸਲਮਾਨ ਭੀ ਰੱਬ ਦੇ ਬੰਦੇ ਹਨ । ਜੇ ਉਹਨਾਂ ਪਰਤਾਵਾ ਲੈਣ ਲਈ ਨਾਨਕ ਨੂੰ ਮਸਜਿਦ ਵਿਚ ਨਿਮਾਜ਼ ਪੜ੍ਹਨ ਦਾ ਸੱਦਾ ਦਿੱਤਾ ਤਾਂ



www.AKJ.Org

ਉਹ ਮਸਜਿਦ ਗਏ, ਉਹਨਾਂ ਦੇ ਨਾਲ ਸੱਫ ਵਿਚ ਖੜੇ ਹੋਏ, ਪਰ ਉਹਨਾਂ ਵੇਖ ਲਿਆ ਕਿ ਮੋਮਨ ਭੀ ਅਜੇ ਉਤੋਂ ਉਤੋਂ ਅਲਾਹ-ਤਾਅਲਾ ਨੂੰ ਨਿਮਾਜ਼ਾਂ ਅਦਾਅ ਕਰ ਕੇ ਪਰਚਾਅ ਰਿਹਾ ਹੈ। ਉਹਨਾਂ ਨੂੰ ਭੀ ਕਿਹਾ ਨੇ :–

ਸਰੈ ਸਰੀਅਤਿ ਕਰਹਿ ਬੀਚਾਰੁ ॥ ਬਿਨੁ ਬੂਝੇ ਕੈਸੇ ਪਾਵਹਿ ਪਾਰੁ ॥
ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ ॥ ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦੁ ॥੧॥੪॥
[ਸਲੋਕ ਮ: ੧, ਸਿਰੀਰਾਗ ਕੀ ਵਾਰ ਪੰਨਾ ੮੪

ਜਗਤ ਨੂੰ ਤਾਰਨ ਵਾਲੇ ਗੁਰੂ ਨਾਨਕ ਬੇਧੜਕ ਹੋ ਕੇ ਮੌਲਵੀਆਂ, ਕਾਜ਼ੀਆਂ, ਪੀਰਾਂ, ਸੂਫ਼ੀ ਫ਼ਕੀਰਾਂ ਨੂੰ ਟੋਲ ਟੋਲ ਕੇ ਮਿਲੇ, ਉਹਨਾਂ ਨਾਲ ਇਸਲਾਮਿਕ ਸ਼ਰੀਅਤ ਉਤੇ ਗੱਲ ਕੀਤੀ। ਅਤੇ ਸਾਫ਼ ਕਿਹਾ ਨੇ ਕਿ ਬਿਨਾਂ ਉਸ ਦੇ ਗਿਆਨ ਦੇ ਪਾਰ-ਉਤਾਰਾ ਨਹੀਂ ਹੋ ਸਕਦਾ। ਆਪ ਨੇ ਮੁਸਲਮਾਨਾਂ ਦੀ ਰਹਿਣੀ ਬਹਿਣੀ ਨੂੰ ਨੇੜਿਓਂ ਤਕਿਆ। ਆਪ ਨੂੰ ਦਿਸਿਆ ਕਿ ਅਰਬ ਦੇਸ਼ ਤੋਂ ਆਏ ਧਾਰਮਕ ਭਾਈਚਾਰੇ ਵਿਚ ਇਤਫ਼ਾਕ, ਕੇਵਲ ਅਕਾਲ ਪੁਰਖ ਤੇ ਵਿਸ਼ਵਾਸ ਅਤੇ ਜ਼ਾਤ ਪਾਤ ਦੀਆਂ ਜ਼ੰਜੀਰਾਂ ਦੀ ਜਕੜ ਨਹੀਂ ਹੈ। ਪਰ ਅਜੇ ਹਾਕਮ ਹੋਣ ਕਰਕੇ ਇਸਲਾਮਿਕ ਭਾਈਚਾਰੇ ਵਿਚ ਜ਼ੋਰ ਜ਼ੁਲਮ ਕਰਨ ਦਾ ਰੁਝਾਨ ਹੈ, ਹਕੂਮਤ ਦਾ ਨਸ਼ਾ ਭੀ ਹੈ। ਇਸ ਲਈ ਆਪਣੇ ਕਲਾਮ ਰਾਹੀਂ ਉਹਨਾਂ ਨੂੰ ਪੰਜ ਨਿਮ ਜ਼ਾਂ ਦੀ ਅੰਦਰਲੀ ਰਹਿਤ ਧਾਰਨ ਕਰਨ ਦੀ ਤਾਕੀਦ ਕੀਤੀ :–

ਪੰਜਿ ਨਿਵਾਜਾ ਵਖਤ ਪੰਜਿ, ਪੰਜਾ ਪੰਜੇ ਨਾਉ ॥
ਪਹਿਲਾ ਸਚੁ, ਹਲਾਲ ਦੁਇ, ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨ, ਪੰਜਵੀ ਸਿਫਤਿ ਸਨਾਇ ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥
ਨਾਨਕ, ਜੇਤੇ ਕੂੜਿਆਰ, ਕੂੜੈ ਕੂੜੀ ਪਾਇ ॥੩॥੭॥ [ਮ: ੧, ਮਾਝ ਕੀ ਵਾਰ, ਪੰਨਾ ੧੪੧

ਭਾਵ, ਹਰ ਨਿਮਾਜ਼ੀ ਆਪਣੇ ਅੰਦਰ ਸੱਚ, ਧਰਮ ਦੀ ਕਿਰਤ, ਸਰਬੱਤ ਦਾ ਭਲਾ ਮੰਗਣਾ, ਨਿਰਮਲ ਮਨ ਅਤੇ ਰੱਬ ਦੀ ਸਿਫ਼ਤ-ਸਲਾਹ ਕਰਨ ਦਾ ਚਾਉ, ਧਾਰਨ ਕਰੇ। ਮੁਸਲਮਾਨ ਦੇ ਧੱਕੜ ਸੁਭਾਅ ਨੂੰ ਵੇਖ ਕੇ ਆਪ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਉਸ ਨੂੰ ਕਿਹਾ ਹੈ–

ਰਬ ਕੀ ਰਜਾਇ ਮੰਨੇ ਸਿਰ ਉਪਰਿ, ਕਰਤਾ ਮੰਨੇ ਆਪੁ ਗਵਾਵੈ ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ, ਤ ਮੁਸਲਮਾਣੁ ਕਹਾਵੈ ॥੧॥੮॥ (ਪੰ: ੧੪੧)

ਬਾਲਕ ਆਪਣੇ ਅਜਾਣਪੁਣੇ ਕਰਕੇ ਅਜਾਣ ਹੁੰਦਾ ਹੈ। ਸਿਆਣਾ ਇਸ ਲਈ ਸਿਆਣਾ ਹੁੰਦਾ ਹੈ ਕਿਉਂਕਿ ਉਸ ਨੂੰ ਆਲੇ-ਦੁਆਲੇ ਦਾ ਕਾਫ਼ੀ ਗਿਆਨ ਹੋ ਜਾਂਦਾ ਹੈ। ਬਾਲਕ ਦੇ ਕੰਮਾਂ ਵਿਚ ਅਜਾਣਪੁਣਾ ਹੋਣਾ ਸੁਭਾਵਕ ਹੈ। ਇਉਂ ਸਿਆਣੇ ਦਾ ਬਾਲਕ ਦੇ ਕੰਮ ਨੂੰ ਵੇਖ ਕੇ ਹੱਸ ਲੈਣਾ ਭੀ ਸੁਭਾਵਕ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਜੁਗ ਪੁਰਖ ਸਨ। ਉਹਨਾਂ ਦੀ ਸਿਆਣਪ ਦੀ ਸ਼ਮ੍ਹਾ ਖੰਡਾਂ ਬ੍ਰਹਮੰਡਾਂ ਤਕ ਅਪੜ ਚੁੱਕੀ ਸੀ। ਅਸੀਂ ਉਹਨਾਂ ਦੀ ਸ਼ਖ਼ਸੀਅਤ ਅੱਗੇ ਅਜਾਣ ਬਾਲਕ ਨਾਲੋਂ ਵਧ ਨਹੀਂ। ਇਸ ਲਈ ਆਪ ਨੇ ਕਦੀ ਕਦੀ ਆਪਣੇ ਕਲਾਮ ਵਿਚ ਸਾਡੇ ਅਜਾਣਪੁਣੇ ਤੇ ਵਿਅੰਗ ਭੀ ਕੀਤੇ–

ਸਭਿ ਜਪ, ਸਭਿ ਤਪ, ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥੧॥ (੮॥੨)
[ਆਸਾ ਮ: ੧, ਪੰਨਾ ੪੧੨

ਹਿੰਦੂ ਧਰਮ ਵਿਚ ਜਪ (ਮਾਲਾ ਤੇ) ਕਰਾਉਣ ਵਾਲਿਆਂ ਦੀ ਧਾਰਨਾ ਸੀ ਕਿ ਕਿਸੇ ਖ਼ਾਸ ਨੇਮ ਨਾਲ ਪੂਰਬ ਵਲ ਮੂੰਹ ਕਰ ਕੇ, ਸਵੱਛ ਬਸਤਰ ਪਹਿਨ ਕੇ, ਸੂਰਜ ਨਿਕਲਣ ਤੋਂ ਪਹਿਲਾਂ ਕਿਸੇ ਮੰਤਰ ਦਾ ਇਕ ਹਜ਼ਾਰ ਜਾਪ ਕਰਨ ਨਾਲ ਕਾਰਜ-ਸਿਧੀ ਪ੍ਰਾਪਤ ਹੁੰਦੀ ਹੈ। ਸੰਸਾਰਕ ਕਾਰਜਾਂ ਦੀ ਸਿਧੀ ਲਈ ਕਰੜੇ ਜਪ ਅਤੇ ਕਠਨ ਤਪ ਕਰਨੇ ਇਸ ਧਾਰਨਾ ਨੇ ਸਿਖਾਏ। ਇਹ ਅਜਾਣਪੁਣਾ ਸਾਨੂੰ ਕੌਣ ਆ ਕੇ ਦਸੇ ?

ਗੁਰੂ ਨਾਨਕ ਨੇ ਇਸ ਕਿਸਮ ਦੀਆਂ ਧਾਰਨਾਵਾਂ ਦਾ ਥੋਥਾਪਣ ਵੇਖ ਕੇ ਸਾਨੂੰ ਸਮਝਾਇਆ। ਹੇਠ


www.AKJ.Org

ਲਿਖੀ ਪਉੜੀ ਦੀਆਂ ਦੋ ਪੰਗਤੀਆਂ ਜਪ ਧਾਰਨਾ ਦੀ ਫ਼ਿਲਾਸਫ਼ੀ ਵਜੋਂ ਹਨ। ਅਗਲੀਆਂ ਦੋ ਪੰਗਤੀਆਂ ਵਿਚ ਉਹਨਾਂ ਫ਼ਿਲਾਸਫ਼ਰਾਂ ਨੂੰ ਚਣੌਤੀ ਦੇ ਕੇ ਪੁਛ ਰਹੇ ਹਨ ਕਿ ਕੀ ਤੁਹਾਡੀ ਧਾਰਨਾ ਮਨੁੱਖ ਦਾ ਰੱਬ ਨਾਲ ਮੇਲ ਕਰਾ ਦੇਵੇਗੀ ? ਆਖ਼ਰੀ ਪੰਗਤੀ ਵਿਚ ਆਪਣੇ ਵਿਚਾਰ ਦਿੱਤੇ ਹਨ–

ਇਕਦੂ ਜੀਭੌ ਲਖ ਹੋਹਿ, ਲਖ ਹੋਵਹਿ ਲਖ ਵੀਸ ॥
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥
ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥ ?
ਸੁਣਿ ਗਲਾ ਆਕਾਸ ਕੀ, ਕੀਟਾ ਆਈ ਰੀਸ ॥
ਨਾਨਕ, ਨਦਰੀ ਪਾਈਐ ਕੂੜੀ ਕੂੜੈ ਠੀਸ ॥੩੨॥ (ਜਪੁਜੀ, ਪੰਨਾ ੭)

ਜੇ ਇਕ ਤੋਂ ਲੱਖਾਂ ਜੀਭਾਂ ਹੋ ਜਾਣ ਤੇ ਲੱਖਾਂ ਵਾਰੀ ਜਾਪ ਕਰਨੇ, ਇੰਜ ਕਾਰਜ-ਸਿੱਧੀ ਹੋ ਸਕਦੀ ਹੈ। ਮਹਾਰਾਜ ਇਸ ਧਾਰਨਾ ਨੂੰ ਚਣੌਤੀ ਦੇ ਰਹੇ ਹਨ ਕਿ ਇਹ ਤਾਂ ਇੰਜ ਹੈ ਜਿਵੇਂ ਕੀੜੇ ਨੂੰ ਭੀ ਆਕਾਸ਼ ਵਿਚ ਉਡਣ ਦੀ ਰੀਸ ਉਪਜੀ ਹੋਵੇ। ਅੰਤਮ ਸਿੱਟਾ ਇਹੋ ਕਢਦੇ ਹਨ ਕਿ ਮਨੁੱਖ ਦੀ ਕੜੀ ਘਾਲ ਤਾਂ ਹੀ ਥਾਇ ਪੈਂਦੀ ਹੈ ਜੇਕਰ ਕਰਤਾਰ ਦੀ ਉਸ ਤੇ ਮਿਹਰ ਹੋ ਜਾਵੇ, ਨਹੀਂ ਤਾਂ ਬਾਕੀ ਗੱਲਾਂ ਗੱਪ ਗਪੌੜ ਹੀ ਹਨ।

ਅਰਬ ਦੇਸ਼ ਵਿਚ ਜੰਗਲ ਨ ਹੋਣ ਕਰਕੇ ਮੁਰਦਿਆਂ ਨੂੰ ਦਬਣ ਦਾ ਰਿਵਾਜ ਵਾਤਾਵਰਣਕ ਮਜਬੂਰੀ ਸੀ, ਜਿਸ ਨੂੰ ਧਰਮ ਨਾਲ ਜੋੜ ਕੇ ਕਿਆਮਤ ਦੇ ਦਿਨ ਮੁਰਦੇ ਕਬਰਾਂ ਵਿਚੋਂ ਉਠਣ ਦੀ ਧਾਰਨਾ, ਪਛਮੀ ਏਸ਼ਿਆਈ ਸਾਰੇ ਧਰਮਾਂ (ਇਸਲਾਮ, ਯਹੂਦੀਆਂ, ਅਤੇ ਈਸਾਈਆਂ) ਵਿਚ ਪ੍ਰਚਲਤ ਹੈ। ਇਹ ਗੱਲ ਸਭ ਜਾਣਦੇ ਹਨ ਕਿ ਕਬਰ ਵਿਚ ਪਏ ਮੁਰਦੇ ਦੀ ਮਿੱਟੀ, ਮਿੱਟੀ ਨਾਲ ਮਿਲ ਕੇ ਮਿੱਟੀ ਹੋ ਜਾਂਦੀ ਹੈ। ਮਹਾਰਾਜ ਨੇ ਵਿਅੰਗ ਕਰ ਕੇ ਸੋਧ ਬਖ਼ਸ਼ੀ ਹੈ ਕਿ ਕਿਆਮਤ ਦੇ ਆਉਣ ਤੋਂ ਕਿੰਨਾ ਚਿਰ ਪਹਿਲਾਂ ਧਰਤੀ ਵਿਚ ਦਬਿਆ ਮੁਰਦਾ ਮਿੱਟੀ ਬਣ ਚੁੱਕਾ ਹੋਵੇਗਾ। ਫਿਰ ਕਬਰ ਵਿਚੋਂ ਕੌਣ ਉਠੇਗਾ ? ਤੇ ਰੱਬ ਦੇ ਪੇਸ਼ ਹੋਵੇਗਾ ਨਿਆਂ ਲਈ ? ਮੁਸਲਮਾਨ ਇਹ ਭੀ ਕਹਿੰਦੇ ਹਨ ਕਿ ਜੇ ਕਿਸੇ ਮੁਸਲਮਾਨ ਦਾ ਮੁਰਦਾ ਅੱਗ ਵਿਚ ਸੜ ਜਾਏ ਤਾਂ ਉਹ ਨਾਪਾਕ ਹੋ ਜਾਂਦਾ ਹੈ। ਅਸੀਂ ਅਜਾਣ ਜੁ ਹੋਏ, ਜਿਵੇਂ ਸਾਨੂੰ ਪੁਰਾਣੇ ਬਜ਼ੁਰਗਾਂ ਨੇ ਦਸਿਆ, ਅਸੀਂ ਲਕੀਰ ਦੇ ਫ਼ਕੀਰ ਹੋ ਗਏ। ਮਹਾਰਾਜ ਤ੍ਰੈ-ਕਾਲ ਦਰਸੀ। ਆਪ ਨੇ ਮੁਸਲਮਾਨ ਭਰਾਵਾਂ ਨੂੰ ਸਮਝਾਉਣ ਦਾ ਜਤਨ ਕੀਤੈ ਕਿ ਭਾਈ ! ਇਹ ਮਿੱਟੀ ਮਿੱਟੀ ਵਿਚ ਮਿਲ ਕੇ ਕਦੀ ਕੌਂਭਿਆਰ ਦੇ ਹੱਥ ਲਗ ਜਾਂਦੀ ਹੈ। ਉਸ ਤੋਂ ਘੜੇ, ਭਾਂਡੇ, ਅਤੇ ਇੱਟਾਂ ਬਣਾ ਕੇ ਕੁੰਭਿਆਰ ਇਹਨਾਂ ਨੂੰ ਭੱਠੇ ਵਿਚ ਪਕਾਉਂਦਾ ਹੈ। ਜੇ ਮੁਰਦੇ ਦੀ ਲੱਥ ਨਹੀਂ ਸਾੜੀ ਜਾਂਦੀ ਤਾਂ ਆਖ਼ਰ ਉਹ ਮਿੱਟੀ ਨਾਲ ਮਿੱਟੀ ਬਣ ਕੇ ਸੜਦੀ ਹੈ। ਕੀ ਉਹ ਪੁਕਾਰ ਨਹੀਂ ਕਰਦੀ ? ਇਥੇ ਹੀ ਵਿਅੰਗ ਹੈ। ਜਿਸ ਮਾਲਕ ਅਲਾਹ-ਤਾਅਲਾ ਨੇ ਇਹ ਕਾਰਨ ਬਣਾਇਆ ਹੈ (ਮੁਸਲਮਾਨ ਦੀ ਮਿੱਟੀ ਨੂੰ ਸਾੜਨ ਦਾ) ਉਹ ਆਪ ਹੀ ਜਾਣੇ।

ਮੁਰਦਿਆਂ ਨੇ ਕਬਰਾਂ ਵਿਚੋਂ ਉਠ ਕੇ ਨਹੀਂ ਮਿਲਣਾ। ਰੂਹਾਂ ਦਾ ਮੇਲ ਪਰਮਾਤਮਾ ਦੀ ਰੂਹ ਨਾਲ ਹੋਣਾ ਹੈ। ਸਥੂਲ ਸਰੀਰ ਨੇ ਮਿੱਟੀ ਹੋ ਜਾਣਾ ਹੈ, ਅਗੇ ਰੂਹ ਨੇ ਜਾਣਾ ਹੈ। ਰੂਹ ਨੂੰ ਨਿਰਮਲ ਕਰਨ ਦੀ ਲੋੜ ਹੈ; ਇਸ ਗੱਲ ਉਤੇ ਗੁਰੂ ਨਾਨਕ ਸਾਹਿਬ ਹਮੇਸ਼ਾ ਜ਼ੋਰ ਦਿੰਦੇ ਸਨ। ਆਪ ਦਾ ਕਲਾਮ ਹੈ :–

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥
ਘੜਿ ਭਾਂਡੇ ਇਟਾ ਕੀਆ, ਜਲਦੀ ਕਰੇ ਪੁਕਾਰ ॥
ਜਲਿ ਜਲਿ ਰੋਵੈ ਬਪੁੜੀ, ਝੜਿ ਝੜਿ ਪਵਹਿ ਅੰਗਿਆਰ ॥
ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ ॥੨॥੬॥

[ਮ: ੧, ਆਸਾ ਕੀ ਵਾਰ, ਪੰਨਾ ੪੬੬


www.AKJ.Org

# 'ਤਪਤ ਮਾਹਿ ਠਾਢਿ ਵਰਤਾਈ'

[ਪ੍ਰੋਫੈਸਰ ਹਰਨਾਮ ਸਿੰਘ ਜੀ, W-139, ਗ੍ਰੇਟਰ ਕੈਲਾਸ਼-1, ਨਵੀਂ ਦਿਲੀ-48]

ਭਾਈ ਗੁਰਦਾਸ ਜੀ ਨੇ ਸਤਿਗੁਰੂ ਨਾਨਕ ਦੇਵ ਜੀ ਦੇ ਆਗਮਨ ਸੰਬੰਧੀ ਫੁਰਮਾਇਆ ਹੈ-

ਸੁਣੀ ਪੁਕਾਰਿ ਦਾਤਾਰ ਪ੍ਰਭਿ ਗੁਰ ਨਾਨਕੁ ਜਗ ਮਾਹਿ ਪਠਾਇਆ ॥

[ਭਾ: ਗੁਰਦਾਸ ਜੀ, ਵਾਰ ੧, ਪਉੜੀ ੨੩

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਧਰਤੀ ਤੇ ਇਹੋ ਜਹੀ ਸਥਿਤੀ ਕਿ 'ਪਾਪੇ ਦਾ ਵਰਤਿਆ ਵਰਤਾਰਾ' ਵੇਖ ਕੇ ਧਰਤੀ ਨੇ ਵਾਹਿਗੁਰੂ ਦਾਤਾਰ ਪਾਸ ਪੁਕਾਰ ਕੀਤੀ ਕਿ ਉਹ ਇਸ ਪਾਪ-ਵਰਤਾਰੇ ਨੂੰ ਖ਼ਤਮ ਕਰਨ ਲਈ ਆਪਣੇ ਵਰੋਸਾਏ ਹੋਇ ਇਕ ਮਹਾਪੁਰਸ਼ ਨੂੰ ਏਥੇ ਭੇਜੇ, ਤਾਂ ਜੁ ਧਰਮ ਦਾ ਬੋਲ-ਬਾਲਾ ਹੋਵੇ, ਕੂੜ ਦੀ ਅਮਾਵਸ ਦਾ ਅੰਧਕਾਰ ਦੂਰ ਹੋਵੇ ਤੇ ਸੱਚ ਦਾ ਚੰਦਰਮਾ ਪ੍ਰਕਾਸ਼ਮਾਨ ਹੋ ਕੇ ਸਾਰੀ ਧਰਤੀ ਨੂੰ ਚਮਕਾ ਦੇਵੇ। ਏਥੇ ਮਨੁਖਤਾ ਸੁਖ-ਸ਼ਾਂਤੀ ਅਤੇ ਆਜ਼ਾਦੀ ਨਾਲ ਵਸੇ ਤੇ ਇਹ 'ਧਰਤੀ ਸਾਧ ਕੀ' ਬਣੇ ਤੇ ਏਥੇ 'ਤਸਕਰ' ਬਿਨਾਂ ਰੋਕ ਟੋਕ ਦੇ ਮਨਮਾਨੀ ਨਾ ਕਰਨ। ਧਰਤੀ 'ਭੂਮਿ ਰੰਗਾਵਲੀ' ਬਣੀ ਰਹੇ।

ਸਤਿਗੁਰ ਨਾਨਕ ਦੇਵ ਜੀ ਨੇ ਅਵਤਾਰ ਧਾਰਨ ਕੀਤਾ ਤੇ ਏਥੋਂ ਦੀ ਸਾਰੀ ਸਥਿਤੀ ਦਾ ਅਨੁਮਾਨ ਲਗਾ ਕੇ ਜਗਤ ਜਲੰਦੇ ਦੇ ਉਧਾਰ ਦਾ ਬੀੜਾ ਚੁਕਿਆ-

ਬਾਬਾ ਦੇਖੈ ਧਿਆਨ ਧਰਿ ਜਲਤੀ ਸਭ ਪ੍ਰਿਥਮੀ ਦਿਸਿ ਆਈ ॥੨੪॥ [ਵਾਰ ੧

ਇਸ ਤਰ੍ਹਾਂ ਸਥਿਤੀ ਦਾ ਜਾਇਜ਼ਾ ਲੈਣ ਮਗਰੋਂ, ਆਪ ਨੇ ਅਪਣੇ ਵਾਹਿਗੁਰੂ ਪਾਸੋਂ ਬਖਸ਼ਸ਼ ਦਾ ਦਰ ਪ੍ਰਾਪਤ ਕਰ ਕੇ, ਨਾਮ ਅਭਿਆਸ ਦੁਆਰਾ ਭਾਰੀ ਤਪੱਸਿਆ ਕੀਤੀ ਤੇ ਜਗਤ-ਨਿਸਤਾਰੇ ਦੇ ਪ੍ਰੋਗਰਾਮ ਨੂੰ ਅਮਲੀ ਰੂਪ ਦੇਣ ਲਈ ਕਮਰਕਸੇ ਕੀਤੇ-

'ਚੜ੍ਹਿਆ ਸੋਧਣ ਧਰਤਿ ਲੁਕਾਈ'' ॥੨੪॥ [ਵਾਰ ੧

ਗੁਰਦੇਵ ਦਾ ਸੰਸਾਰ ਤੇ ਪ੍ਰਗਟ ਹੋਣ ਦਾ ਇਕੋ ਇਕ ਉਦੇਸ਼ ਤਪਦੀ ਸੜਦੀ ਮਨੁਖਤਾ ਨੂੰ ਨਾਮ ਦੇ ਛੱਟੇ ਮਾਰ ਕੇ ਸੀਤਲਤਾ ਪ੍ਰਦਾਨ ਕਰਨਾ ਸੀ। ਦੁਨੀਆਂ ਦੀ ਅੱਗ ਨੂੰ ਕੇਵਲ ਨਾਮ ਨਾਲ ਹੀ ਸ਼ਾਂਤ ਕੀਤਾ ਜਾ ਸਕਦਾ ਸੀ-

ਆਤਸ਼ ਦੁਨੀਆ ਖੁਨਕ ਨਾਮੁ ਖੁਦਾਇਆ ॥੨॥੨੭॥ (ਮ: ੧, ਮਲਾਰ ਵਾਰ, ੧੨੯੧)

ਸੰਸਾਰੀ ਜੀਵ ਕਾਮ, ਕਰੋਧ, ਲੋਭ, ਮੋਹ ਤੇ ਅਹੰਕਾਰ ਦੀ ਅਗਨੀ ਵਿਚ ਸੜ ਰਹੇ ਸਨ, ਇਨ੍ਹਾਂ ਨੂੰ ਵਾਹਿਗੁਰੂ ਦੇ ਸੀਤਲ ਨਾਮ ਨਾਲ ਠਾਰਨਾ ਸੀ-

ਤ੍ਰਿਸਨਾ ਜਲਤ ਜਲੈ ਅਹੰਕਾਰੇ ॥ ਗੁਰਿ ਰਾਖੇ ਵਡਭਾਗੀ ਤਾਰੇ ॥੪॥੨॥ (ਬਸੰਤੁ ਮ: ੩-੧੧੭੨)

ਇਨ੍ਹਾਂ ਪੰਜਾਂ ਵਿਕਾਰਾਂ ਦੀ ਅੱਗ ਵਿਚ ਜੀਵ ਤਪ ਰਹੇ ਸਨ। ਉਨ੍ਹਾਂ ਦੀ ਦਸ਼ਾ ਅਤਿਅੰਤ ਚਿੰਤ ਜਨਕ ਸੀ-

ਕਾਮ ਕ੍ਰੋਧਿ ਲੋਭਿ ਮੋਹਿ ਬਾਧਾ ॥ ਮਹਾ ਗਰਤ ਮਹਿ ਨਿਘਰਤ ਜਾਤਾ ॥੪॥੨੦॥

(ਸੂਹੀ ਮ: ੫--੭੪੧)

ਉਨ੍ਹਾਂ ਨੂੰ ਇਸ ਅੰਧ-ਕੂਪ ਵਿਚ ਗ਼ਰਕ ਹੋਣ ਤੋਂ ਬਚਾਣਾ ਸੀ। ਸੰਸਾਰ-ਫੇਰੀ ਦਾ ਆਪ ਜੀ ਦਾ ਇਹੀ ਉਦੇਸ਼ ਸੀ ਤੇ ਏਸੇ ਲਈ ਪ੍ਰਭੂ ਨੇ ਆਪ ਜੀ ਨੂੰ 'ਜਗ ਮਹਿ ਪਠਾਇਆ' ਸੀ। ਇਹ ਕੰਮ ਕੇਵਲ ਕੋਈ ਮਹਾਂ ਪੁਰਸ਼, ਕੋਈ ਸੱਚਾ ਸਾਧੂ-ਸੰਤ, ਕੋਈ ਧੁਰੋਂ ਪਠਾਇਆ-ਵਰੋਸਾਇਆ ਮਰਦ ਅਗੰਮੜਾ ਹੀ ਨਿਭਾ ਸਕਦਾ ਸੀ-

ਪਾਵਕੁ ਸਾਗਰੁ ਗਾਹਰੋ ਚਰਿ ਸੰਤਨ ਨਾਵ ਤਰਾਇਓ ॥੩॥੧੪॥ (ਗਉੜੀ ਮ: ੫-੨੪੧)

ਇਸ ਅਥਾਹ ਸੰਸਾਰ ਤੋਂ ਸੰਤ-ਸਾਧ ਗੁਰਦੇਵ ਨੇ ਪਾਰ ਕਰਨਾ ਸੀ-

ਥੰਮੇ ਕੋਇ ਨ ਸਾਧ ਬਿਨੁ ਸਾਧੁ ਨ ਦਿਸੈ ਜਗ ਵਿਚਿ ਕੋਆ ॥੧੨॥ [ਵਾਰ ੧

ਸੰਸਾਰ ਨੂੰ ਸਾਧੂ ਤੋਂ ਬਿਨਾਂ ਕੋਈ ਸਹਾਰਾ ਨਹੀਂ ਸੀ ਦੇ ਸਕਦਾ, ਤੇ ਉਸ ਸਮੇਂ ਹਾਲਤ ਅਜਿਹੀ ਸੀ ਕਿ


www.AKJ.Org

ਇਸ ਕੰਮ ਲਈ ਕੋਈ ਸਮਰੱਥ ਸਾਧੂ ਦਿਖਾਈ ਨਹੀਂ ਸੀ ਦਿੰਦਾ। ਇਹ ਕੰਮ ਤਾਂ ਗੁਰਦੇਵ ਹੀ ਪੂਰਾ ਕਰ ਸਕਦੇ ਸਨ।

ਇਸ ਤਰ੍ਹਾਂ ਆਪ ਨੇ ਤਪਤ ਵਿਚ ਨਾਮ ਦੀ ਠਾਢਿ ਵਰਤਾ ਕੇ ਸੜਦੇ ਜਗਤ ਨੂੰ ਸੀਤਲ ਕੀਤਾ। ਨਾਮ ਤੋਂ ਬਿਨਾਂ ਹੋਰ ਕੋਈ ਵੀ ਸੰਸਾਰਕ ਵਸਤੂ ਤਪਤ ਹਿਰਦਿਆਂ ਨੂੰ ਠਾਰ ਨਹੀਂ ਸੀ ਸਕਦੀ। ਫੁਰਮਾਨ ਹੈ–

ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ ॥
ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿਨਾਮੁ ॥੨॥੧੭॥ [ਜੈਤਸਰੀ ਵਾਰ ਮ: ੫–੭੦੯

ਅਤੇ– ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ਰਹਾਉ॥੧੪॥
[ਮਾਰੂ ਮ: ੫–੧੦੦੨

ਵਾਹਿਗੁਰੂ ਦਾ ਨਾਮ ਹੀ ਤਪਦੇ ਕੜਾਹਾ ਵਰਗੇ ਹਿਰਦਿਆਂ ਨੂੰ ਸੀਤਲ ਕਰ ਸਕਦਾ ਹੈ। ਗੁਰਮੁਖ ਗੁਰੂ ਪਾਸੋਂ ਨਾਮ ਪ੍ਰਾਪਤ ਕਰ ਕੇ ਆਪਣੇ ਹਿਰਦਿਆਂ ਨੂੰ ਸੀਤਲ ਕਰ ਲੈਂਦੇ ਹਨ। ਉਨ੍ਹਾਂ ਦੀ ਭਟਕਣਾ ਦੂਰ ਹੋ ਜਾਂਦੀ ਹੈ। ਉਨ੍ਹਾਂ ਦੇ ਸੀਤਲ ਹੋ ਚੁਕੇ ਹਿਰਦਿਆਂ ਵਿਚ ਨਾਮ ਦਾ ਅੰਕੁਰ ਫੁੱਟ ਪੈਂਦਾ ਹੈ, ਉਹ ਸੁਖਾਲੇ ਹੋ ਜਾਂਦੇ ਹਨ–

ਗੁਰਮੁਖਿ ਹਿਰਦੈ ਸਾਂਤਿ ਹੈ ਨਾਉ ਉਗਵਿ ਆਇਆ ॥੧੯॥ [ਸਾਰੰਗ ਕੀ ਵਾਰ ਮ: ੪–੧੨੪੪

ਉਨ੍ਹਾਂ ਦਾ ਪ੍ਰਭੂ ਦੇ ਗੁਣ ਗਾਇਨ ਕਰਨ ਨਾਲ ਤਨ ਤੇ ਮਨ ਸੀਤਲ ਹੋ ਜਾਂਦਾ ਹੈ।

ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿੰਦ ਗੁਨ ਗਾਇ ॥੧॥੨੩॥ (੨੫੪)

ਸਤਿਗੁਰ ਨਾਨਕ ਦੇਵ ਜੀ ਨੇ ਨਾਮ ਦਾ ਉਪਦੇਸ਼ ਦੇ ਕੇ ਸੰਸਾਰ ਦਾ ਉਧਾਰ ਕੀਤਾ, ਤਪਤ ਹਿਰਦੇ ਠਾਰੇ। ਵਲੀ ਕੰਧਾਰੀ ਦਾ ਹਿਰਦਾ ਹੰਕਾਰ ਨਾਲ ਤਪ ਰਿਹਾ ਸੀ। ਉਸ ਕਰਾਮਾਤ ਵਿਖਾਣ ਦਾ ਯਤਨ ਕੀਤਾ, ਪਰ ਕਰਾਮਾਤ ਨੂੰ ਕਹਿਰ ਮੰਨਣ ਵਾਲੇ ਗੁਰਦੇਵ ਜੀ ਨੇ ਵਾਹਿਗੁਰੂ ਦੇ ਬਖ਼ਸ਼ੇ ਹੋਇ ਜਲ ਤੋਂ ਉਸ ਦਾ ਅਧਿਕਾਰ ਹਟਾ ਕੇ, ਸਾਰੀ ਸ੍ਰਿਸ਼ਟੀ ਲਈ ਨਾ-ਮੁਕਣ ਵਾਲਾ, ਨਾ-ਸੁਕਣ ਵਾਲਾ ਸਦੀਵੀ ਸੋਮਾ ਵਗਾ ਦਿਤਾ, ਜੋ ਰਹਿੰਦੀ ਦੁਨੀਆ ਤਕ ਬਾਬੇ ਦੇ ਪੰਜੇ ਦੀ ਛਾਪ ਹੇਠ ਨਿਰੰਤਰ ਵਗਦਾ ਰਵ੍ਹੇਗਾ ਤੇ ਸੰਸਾਰੀ ਜੀਵਾਂ ਨੂੰ ਸੀਤਲ ਕਰਦਾ ਰਵ੍ਹੇਗਾ।

ਕੋਈ ਕੌਡਾ ਰਾਖਸ਼ ਮਨੁੱਖਾਂ ਨੂੰ ਤਪਦੇ ਤੇਲ ਵਿਚ ਤਲ ਕੇ ਖਾਣ ਦੀ ਘਿਣਾਉਣੀ ਕਾਰ ਵਿਚ ਲਗ ਰਿਹਾ ਸੀ, ਗੁਰਦੇਵ ਨੇ ਅੰਮ੍ਰਿਤ ਦ੍ਰਿਸ਼ਟੀ ਪਾ ਕੇ ਉਸ ਨੂੰ ਸੀਤਲਤਾ ਬਖਸ਼ੀ–

ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥੩॥੮॥ [ਸੁਖਮਨੀ ਸਾਹਿਬ–੨੭੩

ਗੁਰੂ ਸਾਹਿਬਾਨ ਨੇ ਧੁਰੋਂ ਦਰਗਾਹੋਂ ਬਾਣੀ ਲਿਆ ਕੇ ਜੀਵਾਂ ਦੇ ਕਲਿਆਣ ਹਿਤ ਸੰਸਾਰ ਵਿਚ ਰਜਵੇਂ ਛਾਂਦੇ ਵੰਡੇ। ਇਹ ਬਾਣੀ ਅੰਮ੍ਰਿਤ ਰੂਪ ਹੋ ਕੇ ਤਪਤ ਹਿਰਦਿਆਂ ਨੂੰ ਠਾਰਨ ਦਾ ਸਾਧਨ ਬਣੀ। ਬਾਣੀ ਦੇ ਅੰਮ੍ਰਿਤ-ਸੋਮੇ ਫੁੱਟਣ ਦੇ ਤੁਫ਼ੈਲ ਸਾਰੇ ਸੰਸਾਰੀ ਜੀਵਾਂ ਦੇ ਹਿਰਦੇ ਮਾਇਆ ਦੀ ਸੜਦੀ ਬਲਦੀ ਤ੍ਰਿਸ਼ਨਾ-ਅਗਨੀ ਤੋਂ ਸ਼ਾਂਤ ਹੁੰਦੇ ਹਨ–

ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥
ਮਹਾ ਸੰਤੋਖ ਹੋਵੈ ਗੁਰ ਬਚਨੀ ਪ੍ਰਭ ਸਿਉ ਲਾਗੈ ਪੂਰਨ ਧਿਆਨੁ ॥੧॥ਰਹਾਉ॥
[ਧਨਾਸਰੀ ਮ: ੫–੬੮੨-੮੩

ਗੁਰਦੇਵ ਨੇ ਨਾਮ ਦੇ ਸ਼ਸਤ੍ਰ ਨਾਲ ਹੀ ਸੰਸਾਰ ਦੇ ਵਖ ਵਖ ਮਤਾਂ-ਮਤਾਂਤਰਾਂ ਦੇ ਆਗੂਆਂ ਤੇ ਫ਼ਲੇਖਾਨਾਂ ਦੇ ਹੰਕਾਰ-ਗੜ੍ਹ ਤੋੜ ਕੇ, ਉਨ੍ਹਾਂ ਤੇ ਜਿਤ ਪ੍ਰਾਪਤ ਕੀਤੀ–

ਜਿਤੀ ਨਵਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ ॥੩੭॥ [ਵਾਰ ੧

ਜੋਗੀ ਕਰਮ ਕਾਂਡਾਂ ਦੀ ਅੱਗ ਵਿਚ ਤਪ ਰਹੇ ਸਨ। ਹਿੰਦੂ ਅੰਧ ਵਿਸ਼ਵਾਸ ਵਿਚ ਗਲਤਾਨ ਸਨ, ਮੁਸਲਮਾਨਾਂ ਨੂੰ ਮੱਕੇ ਤੋਂ ਬਿਨਾਂ ਰੱਬ ਹੋਰ ਕਿਧਰੇ ਦਿਸਦਾ ਹੀ ਨਹੀਂ ਸੀ। ਗੁਰਦੇਵ ਨੇ ਇਨ੍ਹਾਂ ਨੂੰ ਸੱਚ ਦੀ ਸੋਝੀ ਕਰਵਾਈ ਤੇ ਇਨ੍ਹਾਂ ਦੇ ਮਨਾਂ ਨੂੰ ਸ਼ਾਂਤ ਕੀਤਾ।

ਅਗਨਿ ਨਿਵਾਰੀ ਸਤਿਗੁਰ ਦੇਵ ॥੩॥੫੦॥ [ਰਾਮਕਲੀ ਮ: ੫–੮੯੮

www.AKJ.Org

ਸਜਣ ਕੇਵਲ ਨਾਉਂ ਦਾ ਹੀ ਸਜਣ ਸੀ, ਕਾਰ ਉਸ ਦੀ ਠੱਗੀ ਸੀ । ਬਗਲੇ ਵਰਗਾ ਚਿੱਟਾ, ਬਾਣਾ ਉਸ ਦੇ ਅੰਦਰ ਬੈਠੇ 'ਕੁਸੁਧ ਨਰ' ਨੂੰ ਛਿਪਾ ਨ ਸਕਿਆ । ਬਾਬੇ ਦੀ ਇਲਾਹੀ ਬਾਣੀ ਦੇ ਕੀਰਤਨ ਨੇ ਉਸ ਦੇ ਤਪਦੇ ਹਿਰਦੇ ਨੂੰ ਸੀਤਲ ਕੀਤਾ । ਉਸ ਨੂੰ ਸਹੀ ਅੰਰਥਾਂ ਵਿਚ ਸਜਣ ਬਣਾ ਦਿਤਾ । ਉਸ ਦੇ 'ਠੱਗੀ ਦੇ ਗੜ੍ਹ' ਨੂੰ ਧਰਮ ਸਥਾਨ ਵਿਚ ਬਦਲ ਦਿਤਾ । ਇਸ ਤਰ੍ਹਾਂ–

ਅਗਨਿ ਬੁਝੀ ਸਭ ਹੋਈ ਸਾਂਤਿ ॥੨॥੧੦੦॥ [ਆਸਾ ਮ: ੫–੩੯੫

ਉਸ ਸਮੇਂ ਦੇ ਧਾਰਮਕ ਆਗੂ ਜਾਦੂ, ਟੂਣੇ, ਰਿੱਧੀਆਂ, ਸਿੱਧੀਆਂ, ਕਰਾਮਾਤਾਂ ਤੇ ਚਮਤਕਾਰਾਂ ਦੇ ਚੱਕਰ ਵਿਚ ਫਸੇ ਹੋਏ ਸਨ । ਉਹ ਆਪ ਹੀ ਭਟਕੇ ਹੋਏ ਸਨ, ਉਨ੍ਹਾਂ ਪਾਸੋਂ ਜਗਤ-ਉਧਾਰ ਦੀ ਆਸ ਕਿਵੇਂ ਹੋ ਸਕਦੀ ਸੀ ? ਉਨ੍ਹਾਂ ਪਾਸ ਨਾਮ ਨਹੀਂ ਸੀ, ਜਿਸ ਨਾਲ ਸੰਸਾਰ ਦੀ ਤਪਸ਼ ਮਿਟਦੀ । ਗੁਰਦੇਵ ਪਾਸ ਤਾਂ ਕੇਵਲ ਇਕੋ ਹੀ ਕਰਾਮਾਤ ਸੀ, ਜਿਸ ਨਾਲ ਆਪ ਨੇ ਆਪਣੇ ਉਦੇਸ਼ ਦੀ ਪੂਰਤੀ ਕੀਤੀ–

ਬਾਝਹੁ ਸਚੇ ਨਾਮ ਦੇ ਹੋਰ ਕਰਾਮਾਤ ਅਸਾਥੇ ਨਾਹੀ ॥ [ਭਾ: ਗੁਰਦਾਸ–ਵਾਰ ੧, ਪਉੜੀ ੪੩

ਤਪਦੇ ਬਲਦੇ ਸੰਸਾਰ ਦੇ ਵੈਰ ਦੀ ਅੱਗ ਨਾਲ ਸੜ ਰਹੇ ਤੇ ਹਉਮੈਂ ਵਿਚ ਗਲਤਾਨ ਹਾਕਮਾਂ ਨੇ 'ਪਰਤਖ੍ ਹਰਿ' ਨੂੰ ਤੱਤੀ ਲੋਹ ਤੇ ਬਿਠਾਇਆ, ਪਾਣੀ ਦੀ ਦੇਗ ਵਿਚ ਉਬਾਲਿਆ, ਉਪਰ ਗਰਮ ਰੇਤਾ ਪਾਇਆ । ਪਰ ਉਨ੍ਹਾਂ ਦੇ ਹਿਰਦੇ ਸ਼ਾਂਤ ਨ ਹੋਏ । ਉਨ੍ਹਾਂ ਭੁਲੜਾਂ ਨੂੰ ਪਤਾ ਨਹੀਂ ਸੀ ਕਿ ਤਪਤ ਹਿਰਦਿਆਂ ਨੂੰ ਨਾਮ ਨਾਲ ਸੀਤਲ ਕਰਨ ਵਾਲਾ ਜਗਤ-ਗੁਰੂ ਤੱਤੀ ਲੋਹ ਤੇ ਬੈਠ ਕੇ 'ਤਪਤ ਵਿਚ ਠਾਢਿ ਵਰਤਾ' ਰਿਹਾ ਹੈ । ਉਸ ਨੇ ਰੱਬੀ ਭਾਣੇ ਵਿਚ ਰਹਿੰਦਿਆਂ ਵਾਹਿਗੁਰੂ ਨਾਲ ਆਪਣੀ ਪ੍ਰੀਤ ਓੜਕ ਤਕ ਨਿਭਾ ਦਿਤੀ ।

ਸੰਸਾਰੀ ਲੋਕਾਂ ਨੇ ਗੁਰੂ ਸਾਹਿਬਾਨ ਦੇ ਸਹੀ ਸਰੂਪ ਦੀ ਪਛਾਣ ਨਹੀਂ ਕੀਤੀ । ਉਨ੍ਹਾਂ ਭੁਲੇਖੇ ਵਿਚ ਪੈ ਕੇ ਸਤਿਗੁਰਾਂ ਨੂੰ ਸਰੀਰਕ ਕਸ਼ਟ ਦਿਤੇ । ਦਸਮੇਸ਼ ਗੁਰਦੇਵ ਅਨੰਦਪੁਰ ਤੋਂ ਨਿਕਲ ਕੇ ਰਸਤੇ ਵਿਚ ਕੁਝ ਸਮਾਂ ਰੁਕ ਕੇ ਦਮ ਲੈਣਾ ਚਾਹੁੰਦੇ ਸਨ । ਜਗ੍ਹਾ ਦੀ ਪੁਛ ਕੀਤੀ, ਲੋਕਾਂ ਨੇ ਜਲਦੇ ਭੱਠੇ ਵਲ ਸੰਕੇਤ ਕੀਤਾ । ਉਨ੍ਹਾਂ ਨੂੰ ਕੀ ਪਤਾ ਸੀ ਕਿ–'ਕਾਦਰਿ ਕੁਦਰਤ ਪੇਸ਼ਿ ਗੁਰ ਗੋਬਿੰਦ ਸਿੰਘ' [ਭਾਈ ਨੰਦ ਲਾਲ ਜੀ

ਤਪਤ ਵਿਚ ਠਾਢਿ ਵਰਤਾ ਦੇਣ ਦੀ ਸਮਰੱਥਾ ਦੇ ਮਾਲਕ ਹਨ । ਤਪਦੇ ਭੱਠੇ ਵਿਚ ਘੋੜੇ ਸਮੇਤ ਪ੍ਰਵੇਸ਼ ਕਰ ਕੇ ਉਸ ਨੂੰ ਆਪਣੀ ਚਰਨ-ਛੋਹ ਨਾਲ ਠੰਡਾ ਕਰ ਦਿਤਾ । ਰੋਪੜ ਵਿਖੇ ਗੁਰਦੁਆਰਾ ਭੱਠਾ ਸਾਹਿਬ ਇਸ ਵਰਤੀ 'ਠਾਂਢਿ' ਦੀ ਸਾਖੀ ਅਜ ਵੀ ਭਰ ਰਿਹਾ ਹੈ ।

ਇਸ ਤਰ੍ਹਾਂ ਸਤਿਗੁਰ ਨਾਨਕ ਦੇਵ ਤੇ ਸਾਰੇ ਗੁਰੂ ਸਾਹਿਬਾਨ ਨੇ ਜਗਤ ਨੂੰ ਨਾਮ ਦੀ ਠੰਡਕ ਪ੍ਰਦਾਨ ਕਰ ਕੇ ਆਪਣੇ ਜਗਤ-ਉਧਾਰ ਦੇ ਪ੍ਰੋਗਰਾਮ ਨੂੰ ਨੇਪਰੇ ਚੜ੍ਹਾਇਆ । ਆਪ ਨੇ ਸਾਰੇ ਜਗਤ ਵਿਚ ਠੰਡ ਵਰਤਾਣ ਲਈ ਆਪਣੇ ਵਾਹਿਗੁਰੂ ਪਾਸ ਇਸ ਤਰ੍ਹਾਂ ਬੇਨਤੀ ਕੀਤੀ–

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥੧॥੧੦॥ [ਸਲੋਕ ਮ: ੩–੮੫੩

ਜਗਤ ਨੂੰ ਸੀਤਲਤਾ ਪ੍ਰਦਾਨ ਕਰਨ ਲਈ ਗੁਰੂ ਸਾਹਿਬਾਨ ਨੇ ਧੁਰ ਕੀ ਬਾਣੀ ਦਾ ਵਡਮੁਲਾ ਖ਼ਜ਼ਾਨ ਬਖਸ਼ ਕੇ ਸਾਰੀ ਮਨੁਖਤਾ ਤੇ ਮਹਾਨ ਉਪਕਾਰ ਕੀਤਾ ।

---

**ਪਾਠਕ ਜੀ–** (੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ । ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ ।

੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ ।

੩) ਜੇ ਪਰਚਾ 15 ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ ।

੪) ਪੀੜਤ ਪਰਵਾਰ ਤੇ ਸ਼ਹੀਦੀ ਫ਼ੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਂ ਤੇ ਨਾ ਭੇਜੋ ਜੀ ।

੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫ਼ਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ ।



www.AKJ.Org

# ਗੁਰੂ ਨਾਨਕ ਦਾ ਵਿਸ਼ਵ ਸਿਧਾਂਤ

[ਭਾਈ ਨਰੈਣ ਸਿੰਘ ਜੀ ਐਮ. ਏ., ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਗੁਰੂ ਨਾਨਕ ਦੇਵ ਜੀ ਨੇ ਆਪਣੇ ਰਟਨ ਅੰਦਰ ਵੇਖਿਆ ਤੇ ਜਾਂਚਿਆ ਕਿ ਲੋਕਾਂ ਦੀਆਂ ਪ੍ਰਚਲਤ ਮਨੌਤਾਂ ਤੇ ਅਕੀਦੇ, ਬਲਕਿ ਮਨੁਖ ਦੀ ਸਮੁਚੀ ਸੋਚਣੀ ਦੂਜ ਜਾਂ ਦੁਜੈਗੀ ਦੇ ਵਿਚਾਰ ਤੋਂ ਪ੍ਰਭਾਵਤ ਹੈ ! ਹਰ ਮਨੁਖ ਆਪਣੇ ਆਪ ਨੂੰ ਦੂਜੇ ਤੋਂ ਵਖਰਾ ਪ੍ਰਤੀਤ ਕਰਦਾ ਹੈ, ਹਰ ਦੁਹਾਂ ਵਿਚਾਲੇ ਕਿਸੇ ਤਰ੍ਹਾਂ ਦੀ ਸਾਂਝ ਦਾ ਕੋਈ ਵਿਚਾਰ ਨਹੀਂ। ਇਕ ਮੁਸਲਮਾਨ ਹੈ ਤਾਂ ਦੂਜਾ ਹਿੰਦੂ, ਇਕ ਬੋਧੀ ਹੈ ਤਾਂ ਦੂਜਾ ਜੈਨੀ। ਇਕ ਗੋਰਖਨਾਥ ਦਾ ਚੇਲਾ ਹੈ ਤਾਂ ਦੂਜਾ ਰਾਮਾਨੰਦ ਦਾ। ਇਕ ਲਈ 'ਗਊ' ਮਾਤਾ ਸਮਾਨ ਹੈ ਤਾ ਦੂਜਾ ਇਸ ਦੇ ਮਾਸ ਦਾ ਤਿਹਾਇਆ ਹੈ। ਇਕ ਦਾ ਰੱਬ ਮੱਕੇ ਦੀ ਮਿਹਰਾਬ ਵਿਚ ਵਸਦਾ ਹੈ ਤਾਂ ਦੂਜਾ ਉਸ ਦੀ ਟੋਲ ਤ੍ਰਿਬੇਣੀ ਦੇ ਇਸ਼ਨਾਨ ਵਿਚੋਂ ਕਰ ਰਿਹਾ ਹੈ। ਭਾਵੇਂ ਸਭਸ ਦੇ ਮੂੰਹ ਅੱਖਾਂ ਨੱਕ ਕੰਨ ਆਦਿ ਵਾਲੇ ਸਰੀਰ ਇਕੋ ਜਿਹੇ ਹਨ, ਅਤੇ ਸਾਰਿਆਂ ਦਾ ਸੰਸਾਰ ਤੇ ਆਉਣ ਦਾ ਢੰਗ ਇਕੋ ਹੀ ਹੈ, ਪਰ ਇਕ ਬ੍ਰਾਹਮਣ ਹੈ ਤੇ ਦੂਜਾ ਸ਼ੂਦਰ, ਇਕ ਕਾਫ਼ਰ ਹੈ ਤਾਂ ਦੂਜਾ ਮਲੇਛ। ਇਕ ਪੂਰਬੀ ਹੈ ਦੂਜਾ ਪਛਮੀ, ਇਕ ਭਾਰਤੀ ਹੈ ਦੂਜਾ ਤਿਬਤੀ, ਈਰਾਨੀ, ਅਰਬੀ, ਚੀਨੀ ਆਦਿ। ਸਾਰਾ ਸੰਸਾਰ ਦੇਸ਼-ਵੰਡ, ਜਾਤ ਤੇ ਵਰਨ-ਵੰਡ ਆਦਿ ਵਿਚ ਏਨਾ ਉਲਝਿਆ ਪਿਆ ਹੈ ਕਿ ਹਰ ਮਨੁਖ ਲਈ ਹੋਰ ਸਾਰੇ ਮਨੁਖ ਦੂਜੇ ਹਨ।

ਇਸ ਤਰ੍ਹਾਂ ਫੀਤੀ ਫੀਤੀ ਹੋਏ ਲੋਕ-ਸਮਾਜ ਵਿਚ ਭੀ ਗੁਰੂ ਨਾਨਕ ਨੂੰ ਇਕ ਸਾਂਝ ਦਿਸਦੀ ਸੀ, ਤੇ ਉਹ ਸੀ ਮਨੁਖਤਾ ਦੀ ਸਾਂਝ। ਇਸ ਮਨੁਖਤਾ ਦੀ ਸਾਂਝ ਨੂੰ ਭੁਲ ਕੇ ਲੋਕ ਇਸ ਦਸ਼ਾ ਨੂੰ ਪੁਜੇ ਸਨ।

ਗੁਰੂ ਨਾਨਕ ਦੇਵ ਜੀ ਨੇ ਆਪਣਾ ਸੰਦੇਸ਼ ਇਨ੍ਹਾਂ ਸ਼ਬਦਾਂ ਨਾਲ ਅਰੰਭ ਕੀਤਾ—'**ਨਾ ਕੋਈ ਹਿੰਦੂ ਨਾ ਮੁਸਲਮਾਨ।**' ਅਤੇ ਇਹ ਸ਼ਬਦ ਵਾਰ ਵਾਰ ਦੁਹਰਾਉਂਦੇ ਚਲੇ ਗਏ। ਇਹ ਸੁਣ ਕੇ ਭਾਵੇਂ ਕਿਸੇ ਨੇ ਆਪ ਨੂੰ ਦੀਵਾਨਾ ਕਿਹਾ ਜਾਂ ਕੁਰਾਹੀਆ, ਆਪ ਆਪਣੇ ਨਿਸ਼ਾਨੇ ਦੀ ਸੇਧੇ ਤੁਰੇ ਗਏ। ਆਪ ਲਈ ਲਾਲੋ ਤਰਖਾਣ ਅਤੇ ਮਲਕ ਦੋਵੇਂ ਮਨੁਖ ਸਨ, ਬਲਕਿ 'ਲਾਲੋ' ਮਲਕ ਨਾਲੋਂ ਚੰਗਾ ਮਨੁਖ ਸੀ, ਕਿਉਂਕਿ ਉਸ ਦੀ ਕਰਨੀ ਚੰਗੀ ਸੀ। ਆਪ ਦੀ ਨਿਗਾਹ ਵਿਚ ਮਰਦਾਨਾ ਡੂਮ ਮੁਸਲਮਾਨ ਨਹੀਂ ਸੀ, ਬਲਕਿ ਉਨ੍ਹਾਂ ਦਾ ਪਿਆਰਾ ਰਬਾਬੀ ਜੀਵਨ-ਸਾਥੀ ਸੀ। ਜਦੋਂ ਮੱਕੇ ਵਿਚ ਆਪ ਨੂੰ ਪੁਛਿਆ ਗਿਆ ਕਿ ਮੁਸਲਮਾਨ ਵੱਡਾ ਹੈ ਜਾਂ ਹਿੰਦੂ ? ਆਪ ਨੇ ਬਿਨਾਂ ਭੈ ਦੇ ਨਿਝੱਕ ਕਿਹਾ ਕਿ **ਨਾ ਮੁਸਲਮਾਨ ਵੱਡਾ ਹੈ ਨਾ ਹਿੰਦੂ; ਵੱਡਾ ਉਹ ਹੈ ਜਿਸ ਦੀ ਕਰਨੀ ਵਡੀ ਹੈ।**

ਗੁਰੂ ਨਾਨਕ ਦੇਵ ਜੀ ਦੇ ਇਸ ਸਿਧਾਂਤ ਵਿਚ ਕਿਸੇ ਸਵੈ-ਦੇਸ਼-ਪਿਆਰ ਦੀ ਝਲਕ ਨਹੀਂ ਤੇ ਨਾ ਹੀ ਕਿਸੇ ਮਜ਼ਹਬ ਦੀ ਅਪੱਣਤ। ਇਹ ਕਿਸੇ ਫ਼ਿਰਕੇ ਜਾਤ ਵਰਣ ਜਾਂ ਬ੍ਰਾਦਰੀ ਭਾਈਚਾਰੇ ਨੂੰ ਆਪਣਾ ਨਹੀਂ ਸੀ ਬਣਾਉਂਦਾ ਅਤੇ ਨਾ ਕਿਸੇ ਨੂੰ ਦੂਜਾ ਜਾਣਦਾ ਸੀ। ਇਸ ਦੇ ਘੇਰੇ ਵਿਚ ਸਰਬ ਸੰਸਾਰ ਘਿਰਿਆ ਹੋਇਆ ਸੀ ਤੇ ਇਸ ਦੇ 'ਸਭੇ ਸਾਂਝੀਵਾਲ' ਸਨ। ਇਹ ਸਿਧਾਂਤ ਨਿਸਚੇ ਕਰਾਂਦਾ ਸੀ ਕਿ ਮਨੁਖ ਭਾਵੇਂ ਕੱਖਾਂ ਦੀ ਕੁਲੀ ਵਿਚੋਂ ਜੰਮਿਆ ਹੈ ਤੇ ਭਾਵੇਂ ਸ਼ਾਹੀ ਮਹਿਲਾਂ ਵਿਚ, ਭਾਵੇਂ ਉਹ ਕਿਸੇ ਰੰਗ ਜਾਂ ਦੇਸ਼ ਦਾ ਹੈ, ਉਹ ਮਨੁਖ ਹੋਣ ਦੇ ਨਾਤੇ ਸਤਿਕਾਰ ਦਾ ਪਾਤਰ ਹੈ। ਬਲਕਿ ਜਿਨ੍ਹਾਂ ਮਨੁਖਾਂ ਨੂੰ ਨੀਚ ਕਹਿ ਕੇ ਦੁਰਕਾਰਿਆ ਜਾਂਦਾ ਸੀ, ਗੁਰੂ ਨਾਨਕ ਦੇਵ ਜੀ ਨੂੰ ਉਨ੍ਹਾਂ ਅੰਦਰ ਮਨੁਖਤਾ ਦੀ ਝਲਕ ਵਧੇਰੇ ਪ੍ਰਗਟ ਦਿਸਦੀ ਸੀ—

ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।' (ਪੰਨਾ ੧੫)

ਇਹ ਸੀ ਸਤਿਗੁਰਾਂ ਦਾ ਵਿਸ਼ਵ ਅਥਵਾ ਸਾਰੇ ਸੰਸਾਰ ਵਾਸਤੇ ਸਾਂਝਾ ਸਿਧਾਂਤ। ਇਹ ਉਸ ਸਮੇਂ ਦੇ ਅਨੇਕ ਮਨੌਤਾਂ ਵਿਚ ਵੰਡੇ ਅਤੇ 'ਆਪੋ-ਧਾਪੀ' ਵਿਚ ਉਲਝੇ ਹੋਏ ਸਮਾਜ ਨੂੰ ਇਕ ਸਾਂਝਾ ਰਸਤਾ ਦਸਦਾ ਸੀ।

ਸਾਡਾ ਅੱਜ ਦਾ ਸਮਾਜ ਭੀ ਉਸ ਤਰ੍ਹਾਂ ਦੀ ਅਨੇਕਤਾ ਵਿਚ ਫਸਦਾ ਤੁਰਿਆ ਜਾ ਰਿਹਾ ਹੈ। ਪੁਰਾਣੇ ਚਲੇ ਆ ਰਹੇ ਕਈ ਮਜ਼ਹਬੀ ਵਖੇਵਿਆਂ ਤੇ ਵਿਤਕਰਿਆਂ ਤੋਂ ਇਲਾਵਾ ਭਾਂਤ ਭਾਂਤ ਦੀਆਂ ਵਿਚਾਰ-ਧਾਰਾਵਾਂ ਨੇ ਇਸ



www.AKJ.Org

ਨੇ ਫੀਤਾ ਫੀਤੀ ਕਰ ਦਿਤਾ ਹੈ। ਦੁਨੀਆ ਦੀਆਂ ਵਡੀਆਂ ਵਡੀਆਂ ਤਾਕਤਾਂ ਆਪੋ ਵਿਚ ਖਿਆਲਾਂ ਦੇ ਤਫ਼ਰਕੇ ਕਾਰਨ ਹੀ ਇਕ ਦੂਜੇ ਦੇ ਲਹੂ ਦੀਆਂ ਤਿਹਾਈਆਂ ਹੋ ਰਹੀਆਂ ਹਨ ਅਤੇ ਵਿਰੋਧੀ ਖ਼ਿਆਲ ਤੇ ਖਿਆਲਾਂ ਵਾਲਿਆਂ ਨੂੰ ਖ਼ਤਮ ਕਰਨ ਲਈ ਭਿਆਨਕ ਤੋਂ ਭਿਆਨਕ ਹਥਿਆਰ ਤੇ ਬੰਬ ਤਿਆਰ ਕਰਨ ਦੇ ਆਹਰ ਵਿਚ ਹਨ। ਮਨੁਖ ਤੇ ਮਨੁਖਤਾ ਦਾ ਸਤਿਕਾਰ ਅਲੋਪ ਹੁੰਦਾ ਜਾ ਰਿਹਾ ਹੈ। ਮਨੁਖ ਨੂੰ ਮਾਰਨਾ ਸਧਾਰਨ ਮੱਛਰ ਜਾਂ ਮੱਖੀ ਦੇ ਮਾਰ ਦੇਣ ਦੇਣ ਦੇ ਤੁਲ ਹੋ ਗਿਆ ਹੈ। ਇਸ ਵਿਗਿਆਨਕ ਯੁਗ ਦਾ ਵਧੇਰੇ ਤਾਣ ਮਨੁਖੀ ਹੋਂਦ ਨੂੰ ਮਾਰ-ਮੁਕਾਣ ਵਲ ਲਗ ਰਿਹਾ ਹੈ। ਅਸ਼ਰਫ਼ੁਲ ਮਖ਼ਲੂਕਾਤ (ਸਾਰੀ ਉਪਜ ਦਾ ਸਰਦਾਰ) ਮਨੁਖ ਦੀ ਹਸਤੀ ਨੂੰ ਖ਼ਤਮ ਕਰਨ ਦੇ ਏਨੇ ਸਾਧਨ ਇਸ ਗੱਲ ਦੇ ਲਖਾਇਕ ਹਨ ਕਿ ਮਨੁਖ ਦੀ ਸੰਸਾਰ ਅੰਦਰ ਕੋਈ ਕੀਮਤ ਨਹੀਂ ਰਹੀ, ਅਤੇ ਜੇ ਕੋਈ ਕੀਮਤ ਹੈ ਤਾਂ ਉਸ ਨੂੰ ਵਿਚਾਰ ਦੇ ਸਧਾਰਨ ਇਖ਼ਤਲਾਫ਼ ਉਤੋਂ ਕੁਰਬਾਨ ਕੀਤਾ ਜਾ ਰਿਹਾ ਹੈ। ਅਮਰੀਕਾ ਰੂਸ ਚੀਨ ਆਦਿ ਸੰਸਾਰ ਦੀਆਂ ਤਾਕਤਾਂ ਇਕ ਦੂਜੇ ਦੇ ਖ਼ੂਨ ਦੀਆਂ ਕੇਵਲ ਇਸ ਲਈ ਤਿਹਾਈਆਂ ਹੋ ਰਹੀਆਂ ਹਨ ਕਿ ਉਨ੍ਹਾਂ ਦੀ ਸੋਚਣੀ ਅਡੋ ਅਡਰੀ ਹੈ ਅਤੇ ਸਭ ਨਿਆਰੇ ਨਿਆਰੇ ਰਾਹੀਂ ਤੁਰ ਰਹੇ ਹਨ। ਮਨੁਖਤਾ ਨਾਲੋਂ ਮਨੁਖ ਦੀ ਵਿਚਾਰਧਾਰਾ ਦਾ ਸਤਿਕਾਰ ਜ਼ੋਰ ਫੜ ਚੁਕਾ ਹੈ। ਮਨੁਖ ਭਾਵੇਂ ਖ਼ਤਮ ਹੋ ਜਾਣ, ਵਿਚਾਰਧਾਰਾ ਕਾਇਮ ਰਹਿ ਜਾਏ।

ਵਿਚਾਰਾਂ ਦੀ ਇਸ 'ਆਪੋ ਧਾਪੀ' ਵਿਚ ਉਲਝੇ ਸੰਸਾਰ ਨੂੰ ਗੁਰੂ ਨਾਨਕ ਦੇ ਇਸ ਸੰਦੇਸ਼ ਦੀ ਅਜ ਡਾਢੀ ਲੋੜ ਹੈ– ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥੩॥੯॥ [ਮਾਝ ਮ: ੫, ਪੰ: ੯੭

ਸਤਿਗੁਰੂ ਜੀ ਨੇ ਅਨੇਕ ਤਰ੍ਹਾਂ ਦੇ ਵਿਸ਼ਵਾਸਾਂ ਵਿਚ ਵੰਡੇ ਸਮਾਜ ਨੂੰ ਏਕਤਾ ਦ੍ਰਿੜ੍ਹ ਕਰਾਈ। ਉਨ੍ਹਾਂ ਦਸਿਆ ਕਿ ਅਨੇਕ ਰੂਪਾਂ ਰੰਗਾਂ, ਮਨੌਤਾਂ ਅਤੇ ਸੋਚਣੀਆਂ ਪਿਛੇ ਮਨੁਖਤਾ ਇਕੋ ਹੀ ਹੈ, ਅਤੇ ਮਨੁਖ ਹੋਣ ਦੇ ਨਾਤੇ ਸਭੇ ਲੋਕ, ਭਾਵੇਂ ਉਹ ਕਿਸੇ ਦੇਸ਼ ਵਿਚ ਵਸਦੇ ਹਨ, ਇਕੋ ਹਨ ਅਤੇ ਉਨ੍ਹਾਂ ਸਾਰਿਆਂ ਦਾ ਸਿਰਜਣਹਾਰ ਕਰਤਾ ਭੀ ਇਕੋ ਇਕ ਹੈ–

'ਸਾਹਿਬੁ ਮੇਰਾ ਏਕੋ ਹੈ ਏਕੋ ਹੈ ਭਾਈ ਏਕੋ ਹੈ' ॥੧॥ਰਹਾਉ॥ [ਆਸਾ ਮ: ੧, ਪੰਨਾ ੩੫੦

ਜੋ ਮੁਸਲਮਾਨ ਦਾ ਖ਼ੁਦਾ ਹੈ ਓਹੀ ਹਿੰਦੂ ਦਾ ਈਸ਼ਵਰ ਹੈ। ਉਸ ਦੇ ਚਾਲੂ ਕੀਤੇ ਹੁਕਮ ਤੇ ਬੰਧਾਨ ਸਭ ਲਈ ਇਕ-ਸਾਰ ਹਨ। ਜੰਮਣਾ ਮਰਨਾ, ਜਵਾਨੀ ਬੁਢੇਪਾ, ਰੋਗ ਸੋਗ, ਦੁਖ ਸੁਖ, ਸਾਰਿਆਂ ਨੂੰ ਇਕੋ ਤਰ੍ਹਾਂ ਦੇ ਇਕੋ ਅਸੂਲ ਦੇ ਅਧੀਨ ਵਾਪਰਦੇ ਹਨ। ਇਨਸਾਨੀ ਖ਼ਸਲਤਾਂ ਤੇ ਸੁਭਾਉ, ਸਮਝਣ ਸੋਚਣ ਦੇ ਢੰਗ, ਖ਼ਾਹਸ਼ਾਂ ਤੇ ਜਜ਼ਬਾਤ, ਸਾਰਿਆਂ ਦੇ ਮਨਾਂ ਦੀ ਬਣਤਰ ਤੇ ਮਨੁਖੀ ਆਚਰਣ ਦੇ ਹੋਰ ਸਾਰੇ ਪੱਖ ਬਿਲਕੁਲ ਇਕ-ਸਮਾਨ ਹਨ। ਰਜ, ਤਮ ਤੇ ਸਤ ਗੁਣਾਂ ਦਾ ਹੋਣਾ ਜਿਹੋ ਜਿਹਾ ਭਾਰਤੀ ਮਨੁਖਾਂ ਵਿਚ ਹੈ ਉਸੇ ਤਰ੍ਹਾਂ ਦਾ ਤਿਬਤੀ, ਚੀਨੀ, ਯੂਰਪੀ, ਅਮਰੀਕੀ ਤੇ ਹੋਰ ਸਾਰੇ ਦੇਸ਼ਾਂ ਤੇ ਬ੍ਰਹਿਮੰਡ-ਵਾਸੀਆਂ ਅੰਦਰ ਹੈ। ਸਾਰੇ ਸੰਸਾਰ ਦੇ ਮਨੁੱਖਾਂ ਦੀ ਅਜਿਹੀ ਏਕਤਾ ਸਪਸ਼ਟ ਤੇ ਸਿਧ ਹੈ, ਪਰ ਇਹ ਹੁੰਦਾ ਹੋਇਆ ਇਹ ਅਨੇਕ ਬਣ ਰਿਹਾ ਹੈ। ਇਸਦਾ ਕੀ ਕਾਰਨ ਹੈ?

ਗੁਰੂ ਨਾਨਕ ਦੇਵ ਜੀ ਨੇ ਇਸ ਦੀ ਡੂੰਘੀ ਤਸ਼ਖ਼ੀਸ ਕੀਤੀ ਤੇ ਮਨੁਖ ਦੇ ਇਕ ਹੁੰਦੇ ਹੋਏ ਅਨੇਕ ਬਣ ਜਾਣ ਦੀ ਸਥਿਤੀ ਨੂੰ ਪੂਰੀ ਤਰ੍ਹਾਂ ਤਸ਼ਖ਼ੀਸ [diagnose] ਕਰ ਕੇ, ਜੋ ਇਲਾਜ ਇਸ ਦੇ ਲਈ ਤਜਵੀਜ਼ ਕੀਤਾ ਅਤੇ ਜੋ ਸਾਰੇ ਸੰਸਾਰ ਦੇ ਲੋਕਾਂ ਲਈ ਇਕ-ਸਾਰ ਦਰੁਸਤ ਸੀ, ਉਸ ਦਾ ਸੰਖੇਪ ਇਉਂ ਹੈ।

ਮਨੁਖੀ ਸਮਾਜ ਅੰਦਰ ਪਈ 'ਆਪੋ ਧਾਪੀ' ਤੇ ਵੈਰ ਵਿਰੋਧ ਦਾ ਇਕ ਵਿਸ਼ੇਸ਼ ਕਾਰਨ ਮਜ਼ਹਬੀ ਵਿਸ਼ਵਾਸਾਂ ਵਿਚ ਏਕੇ ਦਾ ਨਾ ਹੋਣਾ ਸੀ। ਹਿੰਦੂ ਸਮਾਜ ਬ੍ਰਹਮਾ, ਵਿਸ਼ਨੂੰ, ਸ਼ਿਵ ਤੋਂ ਅਰੰਭ ਹੋ ਕੇ, ਮਛ, ਕਛ, ਵਰਾਹ ਆਦਿ ਤੇਤੀ ਕਰੋੜ ਦੇਵਤਿਆਂ ਤੇ ਵਿਸ਼ਵਾਸ ਜਮਾਏ ਹੋਏ ਸੀ। ਇਹੋ ਹਾਲ ਮੁਸਲਮਾਨਾਂ, ਬੋਧੀਆਂ, ਜੈਨੀਆਂ ਆਦਿ ਦਾ ਸੀ। ਇਸਲਾਮ ਜਾਂ ਈਸਾਈ ਮਤ ਵਾਲੇ, ਜੋ ਰੱਬ ਦੇ ਇਕ ਹੋਣ ਤੇ ਭਰੋਸਾ ਰਖਦੇ ਭੀ ਸਨ, ਉਨ੍ਹਾਂ ਦਾ ਇਹ ਭਰੋਸਾ ਭੀ ਡੋਲਦਾ ਪ੍ਰਤੀਤ ਹੁੰਦਾ ਸੀ, ਜਦੋਂ ਉਹ ਰੱਬ ਦੀ ਇਕ ਇਕਾਈ ਦੇ ਵਿਰੋਧ ਵਿਚ ਸ਼ੈਤਾਨ ਦੀ ਹੋਂਦ ਨੂੰ ਮੰਨ ਲੈਂਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਦਾ ਵਾਹਿਦ ਲਾ-ਸ਼ਰੀਕ ਰੱਬ ਸਾਰੀ ਮਖ਼ਲੂਕ ਦੇ ਸਰਬ-


www.AKJ.Org

ਸਾਂਝੇ ਰੱਬ ਹੋਣ ਦੇ ਗੁਣ ਨੂੰ ਭੁਲ ਜਾਂਦਾ ਸੀ ਜਦੋਂ ਇਹ ਕਹਿ ਦੇਂਦੇ ਸਨ ਕਿ ਕਿਆਮਤ ਦੇ ਦਿਨ ਜਦੋਂ ਸਾਰੀਆਂ ਰੂਹਾਂ ਦਰਗਾਹ ਵਿਚ ਪੇਸ਼ ਹੋਣਗੀਆਂ ਤਾਂ ਰੱਬ ਕੇਵਲ ਉਨ੍ਹਾਂ ਦਾ ਬੇੜਾ ਪਾਰ ਕਰੇਗਾ ਜਿਨ੍ਹਾਂ ਦੀ ਬਾਂਹ ਹਜ਼ਰਤ ਈਸਾ ਜਾਂ ਹਜ਼ਰਤ ਮੁਹੰਮਦ ਨੇ ਫੜੀ ਹੋਵੇਗੀ। ਉਨ੍ਹਾਂ ਦੇ ਵਿਸ਼ਵਾਸ ਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਜਿਸ ਦੇਸ਼ ਵਿਚ ਭੀ ਮੁਸਲਮਾਨ ਤਾਕਤ ਵਿਚ ਆਏ ਉਨ੍ਹਾਂ ਨੇ ਗੈਰ-ਮੁਸਲਮਾਨ ਲੋਕਾਂ ਨੂੰ ਧੱਕੇ ਨਾਲ ਮੁਸਲਮਾਨ ਬਣਾਉਣ ਵਿਚ ਕੋਈ ਕਸਰ ਬਾਕੀ ਨਾ ਰਖੀ ਅਤੇ ਤਬਲੀਗ ਦੇ ਮਸਲੇ ਤੇ ਹਰ ਤਰ੍ਹਾਂ ਦੇ ਜ਼ੁਲਮ ਤੇ ਜ਼ਬਰ ਨੂੰ ਜਾਇਜ਼ ਕਰਾਰ ਦਿਤਾ।

ਸੋ ਗੁਰੂ ਨਾਨਕ ਦੇਵ ਜੀ ਨੇ ਮਜ਼ਹਬੀ ਵਿਸ਼ਵਾਸਾਂ ਅੰਦਰ ਇਸ ਤਰ੍ਹਾਂ ਦੀ ਅਨੇਕਤਾ ਨੂੰ ਮਨੁਖੀ ਵੈਰ-ਵਿਰੋਧ ਦਾ ਵਡਾ ਕਾਰਨ ਨਿਸਚੇ ਕੀਤਾ। ਤੇ ਇਹ ਹੈ ਵੀ ਠੀਕ ਸੀ, ਜਿਸ ਦਾ ਸਬੂਤ ਨਿਰਾ ਭਾਰਤ ਵਿਚ ਹੀ ਪਠਾਣ ਤੇ ਮੁਗ਼ਲ ਕਾਲ ਦੇ ਇਤਿਹਾਸ ਤੋਂ ਨਹੀਂ ਮਿਲਦਾ, ਬਲਕਿ ਮਧ ਪੂਰਬੀ ਦੇਸ਼ਾਂ ਵਿਚ ਜਿਥੇ ਮੁਸਲਮਾਨ ਹਕੂਮਤਾਂ ਨੇ ਜ਼ੋਰ ਫੜਿਆ, ਜਰਮਨੀ ਆਦਿ ਦੇਸ਼, ਜਿਥੋਂ ਯਹੂਦੀਆਂ ਨੂੰ ਦੇਸ਼-ਨਿਕਾਲਾ ਮਿਲਿਆ ਅਤੇ ਇਟਲੀ ਫ਼ਰਾਂਸ ਇੰਗਲੈਂਡ ਤੇ ਹੋਰ ਯੂਰਪਾਂ ਦੇਸ਼ਾਂ ਵਿਚ, ਜਿਥੇ ਧਰਮ ਦੇ ਨਾਮ ਤੇ ਲਖੂਖਹਾਂ ਆਦਮੀ ਰੋਮਨ ਕੈਥੋਲਿਕ ਤੇ ਪ੍ਰੋਟੈਸਟੈਂਟ ਝੰਡਿਆਂ ਹੇਠ ਮੌਤ ਦੇ ਘਾਟ ਉਤਾਰੇ ਗਏ, ਤੋਂ ਪਰਤੱਖ ਹੈ। ਇਹ ਸਾਰੀਆਂ ਤਬਾਹੀਆਂ ਧਰਮ ਦੇ ਨਾਮ ਤੇ ਇਸੇ ਲਈ ਹੋਈਆਂ ਕਿ ਲੋਕਾਂ ਦੇ ਧਰਮ-ਵਿਸ਼ਵਾਸਾਂ ਵਿਚ ਅਨੇਕਤਾ ਛਾਈ ਹੋਈ ਸੀ।

ਗੁਰੂ ਨਾਨਕ ਦੇਵ ਜੀ ਨੇ ਸਰਬ-ਸਾਂਝੇ ਏਕੇ ਦੇ ਵਿਸ਼ਵਾਸ ਦਾ ਝੰਡਾ ਉਚਾ ਕੀਤਾ ਅਤੇ ਜਿਥੇ ਜਿਥੇ ਤੇ ਜਿਸ ਜਿਸ ਨਾਲ ਭੀ ਆਪ ਦਾ ਵਿਚਾਰ-ਵਟਾਂਦਰਾ ਹੋਇਆ, ਸਭ ਨੂੰ ਇਹੋ ਦ੍ਰਿੜ੍ਹ ਕਰਾਇਆ ਕਿ ਸਾਰੇ ਸੰਸਾਰ ਦਾ ਸਾਂਝਾ ਰੱਬ ਇਕ ਹੀ ਹੈ, ਜੋ ਕਿ ਪਰਮ ਸਤਿ, ਅਥਵਾ, ਆਦਿ ਜੁਗਾਦਿ ਸਰਬਕਾਲ ਸਦਾ ਸਤਿ ਹੈ। ਓਹ ਪਹਿਲਾਂ ਭੀ ਇਕੋ ਇਕ ਸੀ, ਹੁਣ ਭੀ ਇਕ ਹੈ ਅਤੇ ਅਗੋਂ ਭੀ ਹਮੇਸ਼ਾ ਇਕੋ ਹੀ ਰਹੇਗਾ। ਅਸੀਂ ਸਭ ਉਸ ਦੇ ਪੁੱਤਰ ਹਾਂ : "ਏਕੁ ਪਿਤਾ ਏਕਸ ਕੇ ਹਮ ਬਾਰਿਕ" (੬੧੧)। ਓਹ ਇਕ ਹੀ ਸਾਰਿਆਂ ਦਾ ਸਿਰਜਨਹਾਰ ਕਰਤਾ ਹੈ ਤੇ ਪੁਰਖ ਹੈ, ਮਰਦਊ-ਪੁਣੇ ਵਾਲੇ ਗੁਣਾਂ ਦਾ ਧਾਰਨੀ ਸਰਬ ਸਮਰੱਥ 'ਪੁਰਖ' ਹੈ। ਸਰਬ ਸਮਰੱਥ ਰੱਬ ਨੂੰ 'ਪੁਰਖ' ਦੀ ਬਜਾਏ 'ਦੇਵੀ' ਆਦਿ ਕਹਿਣਾ ਠੀਕ ਨਹੀਂ। ਹਿੰਦੂ ਮਿਥਿਹਾਸ ਅਨੁਸਾਰ ਜਦੋਂ ਦੇਵਤਿਆਂ ਨੂੰ ਦੈਂਤਾਂ ਤੋਂ ਹਾਰ ਜਾਣ ਦਾ ਖ਼ਤਰਾ ਪ੍ਰਤੀਤ ਹੋਇਆ ਤਾਂ ਉਨ੍ਹਾਂ ਦੁਰਗਾ ਦੀ ਅਰਾਧਨਾ ਕੀਤੀ, ਜੋ ਚਾਰ ਬਾਹਾਂ ਵਾਲੀ ਭਿਆਨਕ ਰੂਪ ਦੇਵੀ ਪ੍ਰਗਟ ਹੋਈ, ਜਿਸ ਨੇ ਦੇਵਤਿਆਂ ਦੀ ਮਦਦ ਕਰ ਕੇ ਦੈਂਤਾਂ ਦਾ ਨਾਸ ਕਰਾਇਆ। ਗੁਰੂ ਜੀ ਇਕੋ ਇਕ ਪਰਮ ਸਤਿ ਕਰਤੇ ਨੂੰ 'ਪੁਰਖ' ਦੇ ਗੁਣਾਂ ਵਾਲਾ ਦਸਦੇ ਹੋਏ "ਇਸ ਜਗ ਮਹਿ ਪੁਰਖੁ ਏਕੁ ਹੈ" (ਮ: ੩–੫੯੧) ਉਸ ਨੂੰ ਏਨਾ ਸਮਰੱਥ ਪ੍ਰਗਟ ਕਰਦੇ ਹਨ ਕਿ ਉਸ ਨੂੰ ਕਿਸੇ ਹੋਰ ਦਾ ਡਰ ਨਹੀਂ, ਪਰ ਨਾਲ ਹੀ ਨਿਡੱਰ ਹੁੰਦਾ ਹੋਇਆ ਉਹ ਕਿਸੇ ਨੂੰ ਡਰਾਉਣ ਵਾਲਾ ਜਾਂ ਕਿਸੇ ਨਾਲ ਵੈਰ ਵਿਰੋਧ ਰਖਣ ਵਾਲਾ ਵੀ ਨਹੀਂ।

ਫਿਰ ਗੁਰੂ ਜੀ ਉਸ ਇਕੋ ਇਕ ਰੱਬ ਲਈ 'ਅਜੂਨੀ' ਸ਼ਬਦ ਵਰਤ ਕੇ, ਰੱਬ ਬਾਰੇ ਪੇਸ਼ ਕੀਤੇ ਵਿਸ਼ਵ-ਸਿਧਾਂਤ ਨੂੰ ਹੋਰ ਪੱਕਾ ਕਰਾਂਦੇ ਹਨ, ਕਿਉਂਕਿ ਜੇ ਉਸ ਨੂੰ ਸ੍ਰੀ ਰਾਮ ਜਾਂ ਕ੍ਰਿਸ਼ਨ ਵਾਂਗ ਸੰਸਾਰ ਤੇ ਅਵਤਾਰ ਧਾਰਨ ਵਾਲਾ ਮੰਨ ਲਿਆ ਜਾਂਦਾ, ਜਾਂ ਕੋਈ ਈਸਾ ਮਸੀਹਾ ਵਾਂਗ ਨਿਜੀ ਤੇ ਬਿੰਦੀ ਪੁਤਰ ਹੋ ਸਕਣਾ ਮੰਨਿਆ ਜਾਂਦਾ ਤਾਂ ਅਜਿਹੇ ਰੱਬ ਵਖੋ ਵਖ ਥਾਈਂ ਵਖੋ ਵਖ ਰੂਪਾਂ ਵਿਚ ਮੰਨੇ ਜਾ ਕੇ ਉਹੀ ਅਨੇਕ ਰੱਬ ਹੋ ਜਾਂਦੇ, ਜਿਸ ਵਿਸ਼ਵਾਸ ਦੇ ਉਲਟ ਗੁਰੂ ਜੀ ਉਸ ਦਾ ਇਕੋ ਇਕ ਹੋਣਾ ਦ੍ਰਿੜ੍ਹ ਕਰਾਉਣਾ ਚਾਹੁੰਦੇ ਸਨ। ਸੋ ਆਪ ਨੇ ਕਿਹਾ ਕਿ ਉਹ ਕਦੀ ਜੰਮਦਾ ਜਾਂ ਮਰਦਾ ਨਹੀਂ। ਜੋ ਕੋਈ ਜਨਮਿਆ ਜਾਂ ਮਰਿਆ ਹੈ, ਉਸ ਨੂੰ ਰੱਬ ਕਹਿਣਾ ਭੁਲ ਹੈ।

ਗੁਰੂ ਨਾਨਕ ਅਤੇ ਈਸਾਈਅਤ ਜਾਂ ਇਸਲਾਮ ਦੇ ਏਕੇ ਵਿਚ ਇਹੋ ਫ਼ਰਕ ਹੈ ਕਿ ਗੁਰੂ ਨਾਨਕ ਦਾ ਰੱਬ ਕੇਵੱਲ ਕਿਸੇ ਇਕ ਵਿਸ਼ੇਸ਼ ਸ਼ਰੇਣੀ ਦਾ ਯਾਰ ਮਦਦਗਾਰ ਨਹੀਂ, ਸਗੋਂ ਇਕ ਭੀ ਹੈ ਅਤੇ ਸਭ ਦਾ ਸਾਂਝਾ ਭੀ। ਕੋਈ ਮੁਸਲਮਾਨ ਹੈ ਜਾਂ ਹਿੰਦੂ, ਈਸਾਈ ਹੈ ਜਾਂ ਬੋਧੀ ਜੈਨੀ ਯਹੂਦੀ, ਸਾਰਿਆਂ ਦਾ ਸਿਰਜਨਹਾਰ, ਰਾਜ਼ਕ



www.AKJ.Org

ਪਾਲਕ ਤੇ ਲੈਅ ਕਰਨ ਵਾਲਾ ਓਹੋ ਇਕੋ ਇਕ ਹੈ, ਜੋ ਇਕ ਟੱਬਰ ਦੇ ਸਾਰੇ ਬੱਚਿਆਂ ਦੇ ਬਾਪ ਵਾਂਗੂੰ ਸਰਬ ਸੰਸਾਰ ਦਾ ਸਾਂਝਾ ਬਾਪੂ ਹੈ–'ਤੂ ਸਾਂਝਾ ਸਾਹਿਬੁ ਬਾਪੁ ਹਮਾਰਾ।' (ਪੰਨਾ ੯੭)

ਇਹ ਸੀ Fatherhood of God and Brotherhood of Man. ਏਕੁ ਪਿਤਾ ਏਕਸ ਕੇ ਹਮ ਬਾਰਿਕ (੬੧੧) ਦਾ ਵਿਸ਼ਵ ਸਿਧਾਂਤ, ਜੋ ਗੁਰੂ ਨਾਨਕ ਨੇ ਸੰਸਾਰ ਨੂੰ ਦਿਤਾ। ਇਸ ਦੇ ਗ੍ਰਹਿਣ ਕਰਨ ਦੀ ਅੱਜ ਦੇ ਸੰਸਾਰ ਨੂੰ ਕਿੰਨੀ ਲੋੜ ਹੈ, ਇਹ ਵਰਤਮਾਨ ਸਮੇਂ ਦੀ ਦਸ਼ਾ ਤੋਂ ਪ੍ਰਗਟ ਹੈ।

ਫਿਰ ਗੁਰੂ ਨਾਨਕ ਦੇਵ ਜੀ ਨੇ ਕੇਵਲ ਸਿਧਾਂਤਕ ਤੌਰ ਤੇ ਇਹ ਗੱਲ ਦਸ ਕੇ, ਇਸ ਨੂੰ ਇਥੇ ਹੀ ਨਹੀਂ ਛਡ ਦਿਤਾ, ਬਲਕਿ ਇਸ ਨੂੰ ਨਿਸ਼ਚੇ ਕਰਾਉਣ ਅਤੇ ਮਨੁਖ ਦੇ ਵਿਸ਼ਵਾਸ ਦਾ ਭਾਗ ਬਣਾ ਦੇਣ ਲਈ ਲੋਕਾਂ ਪ੍ਰਤੀ ਕਿਹਾ ਕਿ ਇਸ ਗੱਲ ਨੂੰ ਵਾਰ ਵਾਰ ਰਾਤ ਦਿਨ ਤੇ ਸੁਆਸ ਸੁਆਸ ਯਾਦ ਕਰੋ ਕਿ ਸਾਰਿਆਂ ਦਾ ਸਾਂਝਾ ਰੱਬ ਇਕੋ ਹੈ–

ਹਰਿ ਏਕੁ ਸਿਮਰਿ ਏਕੁ ਸਿਮਰਿ ਏਕ ਸਿਮਰਿ ਪਿਆਰੇ ॥ਰਹਾਉ॥੩੧॥ (੬੭੬)

ਆਪ ਨੇ ਵਡੀ ਦ੍ਰਿੜ੍ਹਤਾ ਨਾਲ ਕਿਹਾ ਕਿ ਜੇ ਇਹ ਗੱਲ ਤੁਹਾਡੀ ਯਾਦ ਅੰਦਰ ਨਹੀਂ ਵਸੀ ਤਾਂ ਤੁਸੀਂ ਜੀਊਂਦਿਆਂ ਵਿਚ ਨਹੀਂ ਗਿਣੇ ਜਾ ਸਕਦੇ, ਇਸ ਨੂੰ ਭੁਲ ਜਾਣਾ ਮਰ ਜਾਣ ਦੇ ਤੁਲ ਹੈ–

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ ॥੧॥੧੦॥

[ਵਾਰ ਮਾਝ, ਮ: ੧ ਸਲੋਕੁ, ਪੰਨਾ ੧੪੨

[ਚਲਦਾ]

# ਭਾਈ ਸਾਹਿਬ ਭਾਈ ਰਣਧੀਰ ਸਿੰਘ ਨਿਤਨੇਮ ਉਤਸ਼ਾਹਤ ਸਕੀਮ

ਉਕਤ ਸਕੀਮ ਅਧੀਨ ਦਿਲੀ ਸਮਾਗਮ ਤੇ ੨੮-੯-੯੦ ਨੂੰ ਹੋਈ ਪ੍ਰੀਖਿਆ ਵਿਚ ਜੋ ਬੱਚੇ ਕਾਮਯਾਬ ਹੋਏ ਹਨ, ਹੇਠ ਲਿਖੇ ਵਜ਼ੀਫ਼ਿਆਂ ਨਾਲ ਸਨਮਾਨਤ ਕੀਤੇ ਗਏ–

ਭਾਗ ਪਹਿਲਾ–ਭੂਪਿੰਦਰ ਸਿੰਘ (ਸਪੁਤ੍ਰ ਸ: ਜਰਨੈਲ ਸਿੰਘ, ਦਿੱਲੀ) ੨੪੦-੦੦, (੨) ਰਣਜੀਤ ਕੌਰ (ਸਪੁਤ੍ਰੀ ਸ: ਰਵਿੰਦਰ ਸਿੰਘ, ਦਿੱਲੀ) ੩੦੦-੦੦

ਭਾਗ ਦੂਜਾ–(੧) ਪਰਮਿੰਦਰ ਕੌਰ (ਸਪੁਤ੍ਰੀ ਸ: ਦਇਆ ਸਿੰਘ, ਅੰਮ੍ਰਿਤਸਰ) ੫੪੦-੦੦, (੨) ਦਲਜੀਤ ਸਿੰਘ (ਸਪੁਤ੍ਰ ਸ: ਜਸਬੀਰ ਸਿੰਘ ਦਿੱਲੀ) ੫੪੦-੦੦, (੩) ਕਮਲਜੀਤ ਸਿੰਘ (ਸਪੁਤ੍ਰ ਸ: ਪ੍ਰੀਤ ਸਿੰਘ, ਦਿੱਲੀ) ੫੪੦-੦੦, (੪) ਸੁਲੱਖਣ ਸਿੰਘ (ਸਪੁੱਤ੍ਰ ਸ: ਵਸਣ ਸਿੰਘ ਨੈਨੋਕੋਟ, ਗੁਰਦਾਸਪੁਰ) ੫੪੦-੦੦, (੫) ਗੁਰਸ਼ਰਨ ਕੌਰ (ਸਪੁਤ੍ਰੀ ਸ: ਜਰਨੈਲ ਸਿੰਘ, ਦਿੱਲੀ) ੬੦੦-੦੦, (੬) ਨਰਿੰਦਰ ਕੌਰ ਅਤੇ (੭) ਕਮਲਜੀਤ ਸਿੰਘ (ਸਪੁਤ੍ਰੀ ਤੇ ਸਪੁਤ੍ਰ ਸ: ਸਰੂਪ ਸਿੰਘ, ਫਰੀਦਾਬਾਦ) ੬੦੦ ਅਤੇ ੬੦੦-੦੦।

ਭਾਗ ਤੀਜਾ–ਮਨਦੀਪ ਕੌਰ (ਸਪੁਤ੍ਰੀ ਸ: ਕੁਲਵੰਤ ਸਿੰਘ) ੯੦੦-੦੦ ਨਕਦ ਅਤੇ ਇਕ ਸਿਰੀ ਸਾਹਿਬ ਦਿਤੀ ਗਈ।

ਖ਼ਾਲਸਾ ਜੀ ਦਾ ਸੇਵਕ–ਰਾਮ ਸਿੰਘ (ਪ੍ਰਧਾਨ) ਭਾ: ਸਾ: ਭਾਈ ਰਣਧੀਰ ਸਿੰਘ ਟ੍ਰਸਟ


## ਜੀਵਨ ਚਰਿਤਰ ਭਾ: ਸਾ: ਰਣਧੀਰ ਸਿੰਘ ਜੀ

੧. ਇਸ ਪੁਸਤਕ ਵਿਚ ਭਾਈ ਸਾਹਿਬ ਦਾ ਪੂਰਨ ਜੀਵਨ ਅਤੇ ਜੇਲ੍ਹਾਂ ਦੇ ਭਿਆਨਕ ਕਸ਼ਟਾਂ ਦੇ ਸਮਾਚਾਰ ਦਿਤੇ ਹੋਏ ਹਨ।
੨. ਕੀਰਤਨ-ਸਮਾਗਮਾਂ ਵਿਚ ਵਰਤਦੇ ਅਨੂਪਮ ਰੰਗਾਂ ਦੇ ਝਲਕਾਰੇ ਦਰਸਾਉਣ ਦੇ ਜਤਨ ਕੀਤੇ ਗਏ ਹਨ।
੩. ਭਾਈ ਸਾਹਿਬ ਦੇ ਨਿਕਟਵਰਤੀਆਂ ਤੇ ਪ੍ਰੀਤਵਾਨਾਂ ਦੇ ਪ੍ਰੀਤ-ਪਿਆਰ ਭਰੇ ਕਈ ਸਮਾਚਾਰ ਵੀ ਸ਼ਾਮਲ ਕੀਤੇ ਹਨ।
੪. ਅੰਤ ਵਿਚ ਤੱਤ ਗੁਰਮਤੀ ਕੀਮਤਾਂ-ਕਦਰਾਂ ਨੂੰ ਉਜਾਗਰ ਕਰਨ ਵਾਲੇ ਚਾਰ ਦੁਰਲਭ ਟਰੈਕਟ ਦਿਤੇ ਗਏ ਹਨ।

ਕਈ ਵਾਧਿਆਂ ਸਮੇਤ ੧੦ ਚਿਤਰ, ਪੰਨੇ ੨੭੨, ਸੁੰਦਰ ਦੱਖ, ਨਵੀਂ ਛਾਪ ਭੇਟਾ ਦਸ ਰੁਪਏ।




www.AKJ.Org

# ਕੁਦਰਤੀ ਇਲਾਜ–ਸਾਡੀ ਸਿਹਤ (੧)

(ਡਾਕਟਰ ਉੱਤਮ ਸਿੰਘ ਜੀ ਦਿਲੀ ਵਾਲੇ)

ਸਰੀਰ ਸ੍ਵਸਥ ਖੀਣ ਸਮਏ
ਸਿਮਰੰਤਿ ਨਾਨਕ ਰਾਮ ਦਾਮੋਦਰ ਮਾਧਵਹ ॥੪੦॥ [ਸਲੋਕ ਸਹਸਕ੍ਰਿਤੀ ਮ: ੫, ਪੰਨਾ ੧੩੫੮

ਇਹ ਸਤਿਗੁਰੂ ਜੀ ਦਾ ਫ਼ੁਰਮਾਨ ਹੈ, ਜਿਸ ਵਿਚ ਅਕਾਲ ਪੁਰਖ ਦੇ ਪ੍ਰਤਿ ਜੀਵਨ ਦੇ ਅੰਤਿਮ ਸੁਆਸ ਤਕ ਸਵੱਸਥ ਰਹਿਣ ਲਈ ਅਰਦਾਸ ਹੈ, ਤਾਂ ਜੁ ਸਾਰਾ ਜੀਵਨ ਨਾਮ-ਸਿਮਰਨ ਵਿਚ ਬੀਤ ਸਕੇ। ਜੇ ਸਰੀਰ ਸਵੱਸਥ ਹੈ ਤਾਂ ਹੀ ਸਿਮਰਨ ਭਲੀ ਭਾਂਤ ਹੋ ਸਕਦਾ ਹੈ। ਇਹ ਅਰਦਾਸ ਹਰ ਗੁਰਸਿਖ ਦੀ ਵੀ ਹੋਣੀ ਚਾਹੀਦੀ ਹੈ।

ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥੧੦੭॥ (ਪੰਨਾ ੧੩੮੩)

ਸਤਿਗੁਰੂ ਜੀ ਦੇ ਇਸ ਹੁਕਮ ਅਨੁਸਾਰ ਅੰਮ੍ਰਿਤ ਵੇਲੇ ਦਾ ਉਠਣਾ ਸਵੱਸਥ ਜੀਵਨ ਜੀਉਣ ਲਈ ਸਭ ਤੋਂ ਜ਼ਰੂਰੀ ਹੈ।

ਨਾਨਕ ਸੋ ਪ੍ਰਭੁ ਸਿਮਰੀਐ, ਤਿਸੁ ਦੇਹੀ ਕਉ ਪਾਲਿ ॥੨॥੧੪॥ (ਪੰਨਾ ੫੫੪)

ਅਤੇ ਨਾਲ ਹੀ ਫ਼ੁਰਮਾਇਆ ਹੈ–

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥ (ਪੰਨਾ ੧੬)

ਗੁਰੂ ਪਾਤਸ਼ਾਹ ਨੇ ਮਨੁਖ ਲਈ ਸਰੀਰ ਨੂੰ ਜੀਂਦੇ ਰਖਣ ਲਈ, ਸਰੀਰ ਲਈ ਭੋਜਨ ਦੀ ਲੋੜ ਨੂੰ ਮੁਖ ਰਖਦਿਆਂ ਇਹ ਸਾਫ ਉਪਦੇਸ਼ ਦਿਤਾਂ ਕਿ ਉਹ ਖਾਣਾ ਕਦੇ ਵੀ ਨਹੀਂ ਖਾਣਾ ਚਾਹੀਦਾ ਜਿਹਦੇ ਨਾਲ ਤਨ ਦੁਖਾਂ ਨਾਲ ਪੀੜਿਆ ਜਾਵੇ ਅਤੇ ਰੋਗੀ ਹੋ ਜਾਵੇ, ਜਿਸ ਕਰਕੇ ਮਨ ਅਸ਼ਾਂਤ ਹੋ ਕੇ ਵਿਕਾਰਾਂ ਵਲ ਜਾਵੇ। ਇਸ ਤੋਂ ਸਪੱਸ਼ਟ ਹੈ ਕਿ ਭੋਜਨ ਦਾ ਮਨੁਖ ਦੇ ਸਰੀਰ ਅਤੇ ਮਨ ਤੇ ਕਿਤਨਾ ਪ੍ਰਭਾਵ ਪੈਂਦਾ ਹੈ।

ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥੨॥੨੧॥ (ਪੰਨਾ ੫੦)

ਗੁਰੂ-ਵਾਕ ਅਨੁਸਾਰ ਖਾਣ ਪੀਣ ਦੀ ਲੋਭ-ਬਿਰਤੀ ਵਾਲੇ ਨੂੰ ਇਹ ਵਿਚਾਰ ਹੀ ਨਹੀਂ ਕਿ ਕੀ ਖਾਣਾ ਹੈ, ਅਥਵਾ, ਕੀ ਨਹੀਂ ਖਾਣਾ, ਸਭ ਕੁਝ ਹੀ ਖਾਈ ਜਾਂਦਾ ਹੈ। ਮਨੁਖ ਨੇ ਸਿਹਤਮੰਦ ਜੀਵਨ ਜੀਣਾ ਹੈ, ਨਾ ਕਿ ਰੋਗੀ ਜੀਵਨ। ਇਸ ਲਈ ਮਨੁਖ ਨੂੰ ਸਿਹਤ ਲਈ ਇਸ ਪ੍ਰਕਾਰ ਲੋੜਾਂ ਹਨ–

੧. ਸੁਰੱਖਿਅਤ ਵਾਤਾਵਰਣ
੨. ਪੂਰੀ ਨੀਂਦ / ਪੇਟ ਸਾਫ਼ / ਸਰੀਰ ਸਵੱਛ
੩. ਤਾਜ਼ੀ ਹਵਾ / ਸਿਮਰਨ
੪. ਸ਼ੁਧ ਜਲ
੫. ਸ਼ੁੱਧ ਅਤੇ ਲੋੜ ਅਨੁਸਾਰ ਭੋਜਨ
੬. ਕਸਰਤ / ਮਿਹਨਤ ਦਾ ਕੰਮ
੭. ਆਰਾਮ

**ਸੁਰੱਖਿਅਤ ਵਾਤਾਵਰਣ**–ਸੁਰੱਖਿਅਤ ਵਾਤਾਵਰਣ ਮਨੁਖ ਲਈ ਅਤਿ ਜ਼ਰੂਰੀ ਹੈ। ਇਕ ਛੋਟਾ ਬੱਚਾ ਵੀ ਅਨੁਭਵ ਕਰਦਾ ਹੈ ਕਿ ਉਹਦੀ ਮਾਂ ਉਹਦੇ ਨੇੜੇ ਹੋਵੇ, ਤਾਂ ਹੀ ਉਹ ਸੁਰੱਖਿਅਤ ਹੁੰਦਾ ਹੈ। ਵੱਡਾ ਹੋ ਕੇ ਵੀ ਉਹਦੀ ਲੋੜ ਹੈ ਕਿ ਉਹ ਸੁਰੱਖਿਅਤ ਰਹੇ। ਇਹ ਨਹੀਂ ਕਿ ਉਹ ਸਕੂਲ ਜਾ ਰਿਹਾ ਹੈ ਅਤੇ ਕੋਈ ਉਸ ਨੂੰ ਗੋਲੀ ਮਾਰ ਦੇਵੇ, ਉਹ ਦਫ਼ਤਰ ਤੋਂ ਵਾਪਸ ਆ ਰਿਹਾ ਹੈ ਅਤੇ ਕਿਸੇ ਦੁਰਘਟਨਾ ਦੇ ਬਹਾਨੇ ਉਸ ਨੂੰ ਮਾਰੂ ਚੋਟ ਪਹੁੰਚਾ ਦਿਤੀ ਜਾਵੇ ਜਾਂ ਬਿਨਾਂ ਕਾਰਨ ਹੀ ਉਸ ਨੂੰ ਪਕੜ ਕੇ ਕੋਈ ਤਸੀਹੇ ਦਿਤੇ ਜਾਣ।


www.AKJ.Org

ਪੂਰੀ ਨੀਂਦ–ਮਨੁਖ ਦਾ ਸਰੀਰ ਤਾਂ ਸਿਹਤਮੰਦ ਰਹਿ ਸਕਦਾ ਹੈ ਜੇ ਇਹਦੇ ਅੰਦਰੋਂ ਮੈਲ ਨਿਕਲਦੀ ਰਹੇ, ਜਿਹੜੀ ਕਿ ਭੋਜਨ ਦੇ ਬਚੇ ਹੋਏ ਕਚਰੇ ਦੁਆਰਾ ਅਤੇ ਸਰੀਰ ਦੇ ਸੈਲਾਂ ਦੇ ਟੁਟੇ ਰਿਜ਼ਿਆਂ ਨੂੰ ਬਾਹਰ ਕਢਣ ਦੁਆਰਾ ਪੈਦਾ ਹੁੰਦੀ ਰਹਿੰਦੀ ਹੈ। ਇਸ ਦਾ ਬਹੁਤਾ ਕੰਮ ਨੀਂਦ ਦੇ ਸਮੇਂ ਹੀ ਪੂਰਾ ਹੁੰਦਾ ਹੈ, ਇਸ ਲਈ ਪੂਰੀ ਨੀਂਦ ਆਉਣੀ ਜ਼ਰੂਰੀ ਹੈ, ਅਤੇ ਉਹ ਵਿਚੋਂ ਟੁਟੇ ਨਾ। ਇਸ ਦੇ ਲਈ ਰਾਤ ਸੌਣ ਤੋਂ ਪਹਿਲਾਂ ਜੇ ਭੁੱਖ ਹੈ ਤਾਂ ਥੋੜਾ ਪ੍ਰਸ਼ਾਦਾ ਲਿਆ ਜਾ ਸਕਦਾ ਹੈ, ਪਰ ਉਹ ਵੀ ਹਰੇ ਸਾਗ ਨਾਲ, ਜਿਵੇਂ ਪਾਲਕ, ਮੇਥੀ, ਬਾਥੂ, ਸਰਸੋਂ, ਚੁਲਾਈ, ਕੁਲਫ਼ੇ ਆਦਿ ਦੇ ਸਾਗ। ਤਰਲ ਪਦਾਰਥ ਨਾ ਲਏ ਜਾਣ, ਤਾਂ ਜੁ ਰਾਤ ਮਲ-ਮੂਤਰ ਲਈ ਉਠਣਾ ਨਾ ਪਵੇ ਅਤੇ ਸਵੇਰੇ ਪੇਟ ਪੂਰਾ ਸਾਫ਼ ਹੋ ਜਾਵੇ। ਗਾੜ੍ਹੀ ਨੀਂਦ ਲਈ ਰਾਤ ਪ੍ਰਸ਼ਾਦਾ ਛਕਦੇ ਸਾਰ ਹੀ, ਨੀਂਦ ਮਹਿਸੂਸ ਹੋਣ ਤੇ ਸੌਂ ਜਾਣਾ ਚਾਹੀਦਾ ਹੈ, ਉਹ ਗਹਿਰੀ ਨੀਂਦ ਦਾ ਮੁਢ ਹੁੰਦਾ ਹੈ। ਰਾਤੀ ਰੋਟੀ ਖਾਣ ਤੋਂ ਬਾਅਦ ਸੈਰ ਦੀ ਲੋੜ ਨਹੀਂ। ਇਹਦੇ ਨਾਲ ਅਧਿਕ ਖ਼ੂਨ ਪੇਟ ਵਿਚ ਇਕੱਠਾ ਹੋਣ ਦੀ ਥਾਂ ਅਤੇ ਰੋਟੀ ਪਚਾਉਣ ਦੀ ਥਾਂ, ਪੈਰਾਂ ਵੱਲ ਚਲਾ ਜਾਂਦਾ ਹੈ। ਇਸ ਨਾਲ ਗਹਿਰੀ ਨੀਂਦ ਨਹੀਂ ਆ ਸਕਦੀ। 'ਸੋਦਰ' ਦੀ ਚੌਕੀ ਉਪਰੰਤ ਲੰਗਰ ਛਕਿਆ ਤੇ 'ਸੋਹਿਲੇ' ਦਾ ਪਾਠ ਕਰਦਿਆਂ ਹੀ ਨੀਂਦ ਆਣੀ ਚਾਹੀਦੀ ਹੈ। ਇਹਦੇ ਲਈ ਕੋਈ ਦਵਾਈ ਨਹੀਂ ਖਾਣੀ ਚਾਹੀਦੀ। ਦਵਾਈਆਂ ਦਾ ਬਾਅਦ ਵਿਚ ਬਹੁਤ ਬੁਰਾ ਅਸਰ ਹੁੰਦਾ ਹੈ। ਜਲਦੀ ਸੌਣ ਵਾਲੇ ਹੀ ਜਲਦੀ ਉਠ ਸਕਦੇ ਹਨ। ਪ੍ਰਾਚੀਨ ਸਮੇਂ ਵਿਚ ਗੁਰਸਿਖ ਰਾਤ ਸੱਤ ਵਜੇ ਹੀ (ਪਿੰਡਾਂ ਵਿਚ ਖੇਤਾਂ ਤੋਂ ਆ ਕੇ) ਸੌਂ ਜਾਂਦੇ ਅਤੇ ਸੱਤ ਘੰਟੇ ਨੀਂਦ ਪੂਰੀ ਕਰਕੇ; ਸਵੇਰੇ ਦੋ ਵਜੇ ਹੀ ਉਠ ਜਾਂਦੇ ਸਨ। ਸਵੇਰ ਦੀ ਸਾਫ ਹਵਾ ਦਾ ਲਾਭ ਲੈਂਦੇ ਸਨ। ਹੁਣ ਮਨੁਖ ਨੇ ਵਾਤਾਵਰਣ ਵੀ ਧੂਏਂ ਵਾਲਾ ਕਰ ਲਿਆ ਹੈ ਅਤੇ ਇਸ ਧੂਏਂ (ਮੋਟਰਾਂ, ਕਾਰਖਾਨਿਆਂ, ਅੰਗੀਠੀਆਂ, ਆਦਿ ਦੇ ਧੂਏਂ) ਦਾ ਵੱਧ ਤੋਂ ਵੱਧ ਅਸਰ ਸ਼ਾਮ ਵੇਲੇ ਹੁੰਦਾ ਹੈ ਅਤੇ ਘੱਟ ਤੋਂ ਘੱਟ ਸਵੇਰ ਵੇਲੇ। ਸੋ ਮਨੁਖ ਨੂੰ ਜਲਦੀ ਸੌਂ ਕੇ ਸਵੇਰੇ ਅੰਮ੍ਰਿਤ ਵੇਲੇ ਉਠਣ ਦਾ ਉੱਤਸਾਹ ਤੇ ਉਪਰਾਲਾ ਕਰਨਾ ਚਾਹੀਦਾ ਹੈ।

ਸਵੇਰੇ ਉਠ ਕੇ ਸਭ ਤੋਂ ਪਹਿਲਾਂ ਪੇਟ ਸਾਫ ਹੋਣਾ ਚਾਹੀਦਾ ਹੈ। ਜੇ ਪੇਟ ਸਾਫ ਹੋਣ ਵਿਚ ਜਾਂ ਪੂਰੇ ਸਾਫ਼ ਹੋਣ ਵਿਚ ਕੋਈ ਕਮੀ ਹੈ ਤਾਂ ਭੋਜਨ ਠੀਕ ਕਰੋ ਅਤੇ ਸਵੇਰ ਦੀ ਸੈਰ ਜਾਂ ਕਸਰਤ ਜਾਂ ਮਿਹਨਤ ਦਾ ਕੰਮ ਵਧਾ ਦਿਓ। ਭੋਜਨ ਵਿਚ ਕੁਝ ਦਿਨ ਕੇਵਲ ਫੱਲ ਅਤੇ ਸਬਜ਼ੀਆਂ ਹੀ ਲਓ। ਕੇਵਲ ਪੇਟ ਠੀਕ ਹੋਣ ਤੇ ਦਾਲ ਅਤੇ ਪ੍ਰਸ਼ਾਦਾ ਲਓ। ਫਿਰ ਪੇਟ ਠੀਕ ਰਹੇਗਾ।

ਤਾਜ਼ਾ ਹਵਾ–ਸਿਮਰਨ-ਪੇਟ ਸਾਫ਼ ਤੋਂ ਬਾਅਦ ਇਸ਼ਨਾਨ ਕਰਨਾ ਜ਼ਰੂਰੀ ਹੈ। ਕਿਉਂਕਿ ਟੱਟੀ ਪੇਸ਼ਾਬ ਤੋਂ ਬਾਅਦ ਸਰੀਰ ਤੇ ਆਏ ਪਸੀਨੇ ਨੂੰ ਵੀ ਉਤਾਰਨਾ ਅਵੱਸ਼ਕ ਹੈ। ਨਹੀਂ ਤੇ ਮਨ ਵੀ ਮੁਰਝਾਇਆ ਰਹਿੰਦਾ ਹੈ ਅਤੇ ਚਮੜੀ ਦੇ ਰੋਗ ਵੀ ਲਗ ਜਾਂਦੇ ਹਨ। ਇਸ਼ਨਾਨ ਬੁਖ਼ਾਰ ਵਿਚ ਵੀ ਜ਼ਰੂਰੀ ਹੈ। ਹਾਂ, ਥੋੜੇ ਗਰਮ ਪਾਣੀ ਨਾਲ ਬੁਖ਼ਾਰ ਦੀ ਹਾਲਤ ਵਿਚ ਇਸ਼ਨਾਨ ਹੋ ਸਕਦਾ ਹੈ ਜਾਂ ਗਿਲੇ ਤੌਲੀਏ ਨਾਲ ਰੋਗੀ ਦਾ ਸਪੰਜ-ਇਸ਼ਨਾਨ ਵੀ ਹੋ ਸਕਦਾ ਹੈ। ਇਸ਼ਨਾਨ ਉਪਰੰਤ ਸਿਮਰਨ ਬਹੁਤ ਹੀ ਜ਼ਰੂਰੀ ਹੈ। ਕਿਉਂਕਿ ਮਨੁਖ ਦੇ ਮਲ ਕਢਣ ਦੇ ਚਾਰ ਰਸਤਿਆਂ ਵਿਚੋਂ ਅਜੇ ਚੌਥੇ ਦਾ ਕੰਮ ਰਹਿੰਦਾ ਹੈ। ਉਹ ਹੈ ਫੇਫੜਿਆਂ ਵਿਚੋਂ ਮਲ ਕਢਣ ਦਾ, ਅਤੇ ਇਹ ਕੰਮ ਕੇਵਲ ਸਿਮਰਨ ਨਾਲ ਹੀ ਹੁੰਦਾ ਹੈ। ਮੂੰਹ ਖੁਲ੍ਹਾ ਰਹਿੰਦਾ ਹੈ ਅਤੇ ਗੰਦੀ ਹਵਾ ਖ਼ੂਨ ਦੀਆਂ ਨਾਲੀਆਂ ਵਿਚੋਂ ਗੰਦੀਆਂ ਗੈਸਾਂ ਨੂੰ ਕਢ ਦਿੰਦੀ ਹੈ। ਯਾਦ ਰਖਣ ਵਾਲੀ ਗੱਲ ਹੈ ਕਿ ਸਿਮਰਨ ਨਾ ਕਰਨ ਵਾਲੇ ਤਿੰਨ-ਚੌਥਾਈ ਸਵੱਸਥ ਤਾਂ ਹੋ ਸਕਦੇ ਹਨ, ਪੂਰੇ ਕਦੇ ਵੀ ਨਹੀਂ। ਇਸ ਵਿਚ ਕੀਰਤਨ ਕਰਨਾ-ਸੁਣਨਾ ਸਭ ਤੋਂ ਵੱਧ ਸਹਾਇਕ ਹੁੰਦਾ ਹੈ। ਸਰੀਰ ਦੀ ਹੋਰ ਕੋਈ ਕਿਰਿਆ ਇਸ ਜਿਤਨੀ ਸਹਾਇਕ ਨਹੀਂ ਹੋ ਸਕਦੀ ਅਤੇ ਹੋਰ ਕਿਸੇ ਯੋਗ ਸਾਧਨ ਆਦਿ ਦੀ ਕਿਰਿਆ ਦੀ ਲੋੜ ਵੀ ਨਹੀਂ ਰਹਿੰਦੀ। ਗੁਰੂ ਵਾਕ ਹੈ–

ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥੧॥ਪੰ੭॥ (ਪੰਨਾ ੩੮੫)

ਅਤੇ–ਆਤਮ ਉਪਦੇਸ ਭੇਸੁ ਸੰਜਮ ਕੋ, ਜਾਪ ਸੁ ਅਜਪਾ ਜਾਪੈ ॥


www.AKJ.Org

**ਸ਼ੁਧ ਜਲ ਅਤੇ ਸ਼ੁਧ ਭੋਜਨ**–ਸਿਮਰਨ, ਪਾਠ, ਕੀਰਤਨ ਕਰਦਿਆਂ ਹਵਾ ਨਾਲ ਜਲ ਦੇ ਬਹੁਤ ਸਾਰੇ ਕਣ ਨਿਕਲ ਜਾਂਦੇ ਹਨ ਅਤੇ ਅੰਦਰ ਵੀ ਵਰਤੇ ਜਾਂਦੇ ਹਨ। ਸੋ ਮਨੁਖ ਨੂੰ ਪਿਆਸ ਲਗਦੀ ਹੈ ਅਤੇ ਜਲ ਦੀ ਲੋੜ ਹੁੰਦੀ ਹੈ। ਜਲ ਸਾਫ਼ ਅਤੇ ਸ਼ੁੱਧ ਹੋਣਾ ਚਾਹੀਦਾ ਹੈ । ਸਭ ਤੋਂ ਵਧੀਆ ਜਲ ਸਰਬ-ਲੋਹ ਦੇ ਬਰਤਨ ਦਾ ਹੁੰਦਾ ਹੈ, ਕਿਉਂਕਿ ਇਸ ਵਿਚ ਸਰਬ-ਲੋਹ ਦਾ ਅਸਰ ਵੀ ਆ ਜਾਂਦਾ ਹੈ, ਜੋ ਖ਼ੂਨ ਨੂੰ ਤਕੜਿਆਂ ਕਰਦਾ ਹੈ। ਜਲ ਇਕ ਇਕ ਘੁੱਟ ਕਰਕੇ ਪੀਣਾ ਚਾਹੀਦਾ ਹੈ । ਮਨੁਖ ਦੇ ਮੂੰਹ ਵਿਚ ਦੋਵੇਂ ਪਾਸੇ ਤਿੰਨ ਤਿੰਨ ਗਿਲਟੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਪਾਣੀ ਛੂੰਹਦਾ ਹੈ । ਇਨ੍ਹਾਂ ਰਾਹੀਂ ਸਰੀਰ ਨੂੰ ਪਤਾ ਲਗ ਜਾਂਦਾ ਹੈ ਕਿ ਕਿਤਨਾ ਪਾਣੀ ਪੀਣਾ ਚਾਹੀਦਾ ਹੈ। ਲੋੜ ਤੋਂ ਵੱਧ ਪਾਣੀ ਵੀ ਨਹੀਂ ਪੀਣਾ ਚਾਹੀਦਾ। ਇਸ ਨਾਲ ਵੀ ਗੁਰਦਿਆਂ ਦਾ ਸਫ਼ਾਈ ਦਾ ਕੰਮ ਵਧਦਾ ਹੈ ਅਤੇ ਇਸ ਦੇ ਨਾਲ ਹੀ ਪਾਣੀ ਵਿਚ ਘੁਲਣ ਵਾਲੇ ਕਈ ਰਸਾਇਣ-ਪਦਾਰਥ ਸਰੀਰ ਤੋਂ ਬਾਹਰ ਨਿਕਲ ਜਾਂਦੇ ਹਨ, ਜੋ ਅੰਦਰ ਕੁਝ ਸਮਾਂ ਹੋਰ ਰਹਿਣੇ ਚਾਹੀਦੇ ਸਨ।

ਸਰੀਰ ਦੇ ਅੰਦਰ ੧੦੦ ਵਿਚੋਂ ੬੫ ਜਾਂ ੭੦ ਹਿੱਸੇ ਜਲ ਹੀ ਹੁੰਦਾ ਹੈ। ਸੋ, ਸਵੇਰੇ ਕੇਵਲ ਜਲ ਛਕ ਕੇ ਹੀ ਗੁਜ਼ਾਰਾ ਹੋ ਸਕਦਾ ਹੈ, ਭਾਰੇ ਭੋਜਨਾਂ ਦੀ ਲੋੜ ਨਹੀਂ। ਭਾਰੇ ਭੋਜਨ ਥੋੜੀ ਮਾਤ੍ਰਾ ਵਿਚ (ਸਰੀਰ ਦੀ ੩੦ ਫ਼ੀ ਸਦੀ ਲੋੜ) ਕੇਵਲ ਇਕ ਸਮੇਂ ਦੁਪਹਿਰ ਜਾਂ ਸ਼ਾਮ (ਰਾਤ) ਜਾਂ ਦੋਨੋਂ ਸਮੇਂ ਪੂਰੀ ਕੀਤੀ ਜਾ ਸਕਦੀ ਹੈ। ਹਾਂ, ਜ਼ਹਿਰੀਲੇ ਜਲਾਂ ਤੋਂ ਬੱਚ ਕੇ ਰਹਿਣਾ ਚਾਹੀਦਾ ਹੈ। ਸ਼ਰਾਬ ਦੀ ਇਕ ਬੂੰਦ ਦਵਾਈ ਦੇ ਨਾਂ ਤੇ ਵੀ ਨਹੀਂ ਲੈਣੀ ਚਾਹੀਦੀ। ਅੱਜ ਕਲ੍ਹ ਬਹੁਤੀਆਂ ਦਵਾਈਆਂ ਵਿਚ ਅਲਕੋਹਲ (ਸ਼ਰਾਬ) ਦੀ ਕੁਝ ਮਾਤ੍ਰਾ ਪਾਂਦੇ ਹਨ, ਜੋ ਮਨੁਖ ਨੂੰ ਨਹੀਂ ਲੈਣੀ ਚਾਹੀਦੀ। ਦੋਵੇਂ ਵਕਤ ਜਾਂ ਇਕ ਸਮੇਂ ਦੇ ਪ੍ਰਸ਼ਾਦੇ ਅਥਵਾ ਚਾਵਲ ਨਾਲ ਸਰੀਰ ਜੋ ਆਪ ਹੀ ਅੰਦਰ ਕੁਦਰਤੀ ਸ਼ਰਾਬ ਬਣਾਉਂਦਾ ਹੈ, ਉਹੀ ਕਾਫ਼ੀ ਹੈ ਅਤੇ ਉਹ ਵੀ ਲੋੜ ਤੋਂ ਵੱਧ ਹੈ। ਬਾਹਰਲੀ ਸ਼ਰਾਬ ਨੂੰ 'ਭੋਜਨ' ਨਹੀਂ ਲਿਖਿਆ ਜਾਂਦਾ, ਉਸ ਨੂੰ 'ਜ਼ਹਿਰ' ਲਿਖਿਆ ਜਾਂਦਾ ਹੈ।

ਤਰਲ ਪਦਾਰਥਾਂ ਦੀ ਇਸ ਵਿਚਾਰ ਅੰਦਰ ਚਾਹ, ਕਾਫ਼ੀ, ਕੋਲਾ, ਠੰਡੀਆਂ ਬੋਤਲਾਂ ਆਦਿ ਬਾਰੇ ਵੀ ਵਿਚਾਰ ਕਰ ਲਈਏ। ਭਾਰਤ ਸਰਕਾਰ ਦੁਆਰਾ ਛਪੀ ਇਕ ਪੁਸਤਕ "ਸਾਡੇ ਭੋਜਨ ਵਿਚ ਵਿਸ਼ੈਲੇ ਤੱਤਵ" ਅਨੁਸਾਰ ਇਹ ਭੋਜਨ ਨਹੀਂ, ਸਗੋਂ ਜ਼ਹਿਰ ਰੂਪ ਹੋ ਕੇ ਮਨੁਖ ਨੂੰ ਇਕ ਇਕ ਦਿਨ ਵਿਚ ਹੋਰ ਹਜ਼ਾਰਾਂ ਰੋਗਾਂ ਵਿਚ ਫੱਸਾ ਕੇ ਕੈਂਸਰ ਤਕ ਲੈ ਜਾਂਦੇ ਹਨ। ਇਨ੍ਹਾਂ ਵਿਚ ਲਗ ਪਗ ੧੧ ਜ਼ਹਿਰ ਹੁੰਦੇ ਹਨ। ਉਨ੍ਹਾਂ ਵਿਚੋਂ ਇਕ ਦਾ ਨਾਂ ਕੈਫ਼ੀਨ ਹੈ, ਜੋ ਚਾਹ ਦੇ ਇਕ ਕੱਪ ਵਿਚ ੧੦੦ ਮਿਲੀਗਰਾਮ, ਕਾਫ਼ੀ ਦੇ ਇਕ ਕੱਪ ਵਿਚ ੧੨੦ ਮਿਲੀਗਰਾਮ, ਅਤੇ ਕੋਲਾ ਵਿਚ ੪੦ ਮਿਲੀਗਰਾਮ ਹੁੰਦੀ ਹੈ, ਜਦ ਕਿ ੫੦੦ ਮਿਲੀਗਰਾਮ, ਨਾਲ ਮੌਤ ਹੋ ਸਕਦੀ ਹੈ। ਕੋਈ ਡਾਕਟਰ ੫੦੦ ਮਿਲੀਗਰਾਮ ਤੋਂ ਉਤੇ ਕੈਫ਼ੀਨ ਦੀ ਖ਼ੁਰਾਕ ਨਹੀਂ ਲਿਖਦੇ, ਨਾ ਹੀ ਕੈਮਿਸਟ ਦੇ ਸਕਦੇ ਹਨ। ਕੀ ਇਨ੍ਹਾਂ ਦੀ ਲੋੜ ਹੈ ?

ਹਾਂ ਸੌਂਫ਼, ਪੂਦਨੇ ਦੇ ਪੱਤੇ (ਸੁੱਕੇ ਜਾਂ ਹਰੇ) ਮੇਥੀ ਦੇ ਪੱਤੇ, ਜਵੈਣ ਦੇ ਦਾਣੇ ਅਤੇ ਗੁਲਾਬ ਦੇ ਫੁੱਲ ਉਬਾਲ ਕੇ ਇਹ ਕੁਦਰਤੀ ਚੌ-ਅਰਕਾ (ਕਾੜ੍ਹਾ ਜਾਂ ਸਿਆਣੀ ਚਾਹ) ਪੀਤੀ ਜਾ ਸਕਦੀ ਹੈ। ਠੰਢੀ ਬੋਤਲ ਦੀ ਥਾਂ ਨਿੰਬੂ-ਪਾਣੀ, ਫੱਲਾਂ ਦਾ ਰੱਸ, ਸਬਜ਼ੀਆਂ ਦਾ ਫ਼ੋਰਸ; (ਖ਼ਾਸ ਕਰਕੇ ਹਰਾ ਰੱਸ) ਕਕੜੀ, ਖੀਰੇ, ਘੀਏ, ਟੀਂਡੇ, ਤੋਰੀ ਦਾ ਰਸ; ਗਾਜਰ ਮੂਲੀ ਸ਼ਲਗਮ ਟਮਾਟਰ ਦਾ ਰਸ; ਹਰੇ ਧਨੀਏ, ਪੂਦਨੇ, ਮੂਲੀ ਦੇ ਪਤੇ ਦਾ ਰੱਸ ਅਤੇ ਸਭ ਤੋਂ ਵਧੀਆ ਖ਼ਰਬੂਜ਼ੇ ਅਤੇ ਤਰਬੂਜ਼ ਦਾ ਰਸ ਪੀਤਾ ਜਾ ਸਕਦਾ ਹੈ। ਬਜ਼ਾਰੀ ਬੋਤਲਾਂ ਵਿਚ ਜੋ ਤੇਜ਼ਾਬ ਪਾਏ ਜਾਂਦੇ ਹਨ (ਅਜ ਕਲ੍ਹ ਕੁਲ ੫ ਲੱਖ ਰਸਾਇਣ ਖਾਣ ਪੀਣ ਦੀਆਂ ਚੀਜ਼ਾਂ ਵਿਚ) ਉਹ ਅੱਖਾਂ ਵਿਚ ਕਾਲਾ ਮੋਤੀਆ, ਖ਼ੂਨ ਦੀ ਕਮੀ, ਲਕਵਾ, ਕੈਂਸਰ ਅਤੇ ਮੌਤ ਦਾ ਵੀ ਕਾਰਨ ਬਣ ਸਕਦੇ ਹਨ।

**ਚੀਨੀ ਖੰਡ ਤੋਂ ਬਚੋ**–ਇਨ੍ਹਾਂ ਵਿਚ ਚੀਨੀ (ਖੰਡ) ਬਿਲਕੁਲ ਹੀ ਨਹੀਂ ਵਰਤਣੀ ਚਾਹੀਦੀ। ਕਿਉਂਕਿ ਇਹਦੇ ਬਣਨ ਲਗਿਆਂ ਇਹਦੇ ਵਿਚੋਂ ਲੋਹਾ, ਕੈਲਸ਼ੀਅਮ, ਫ਼ਾਸਫੋਰਸ ਅਤੇ ਵਿਟਾਮਿਨ-ਬੀ. ਆਦਿ ਜੋ ਥੋੜਾ



www.AKJ.Org

ਬਹੁਤ ਗੁੜ ਵਿਚ ਹੁੰਦੇ ਹਨ, ਕਢ ਲਏ ਜਾਂਦੇ ਹਨ ਅਤੇ ਇਸ ਦਾ ਮਿੱਠਾ, ਜਿਸ ਨੂੰ ਸੁਕਰੋਜ਼ ਕਹਿੰਦੇ ਹਨ, ਮਨੁਖ ਦੇ ਅੰਦਰ ਹਜ਼ਮ ਨਹੀਂ ਹੁੰਦਾ, ਸਗੋਂ ਗਲਦਾ ਸੜਦਾ ਹੈ ਅਤੇ ਅਣ-ਚਾਹੀ ਜ਼ਹਿਰੀਲੀ ਸ਼ਰਾਬ ਵਿਚ ਬਦਲ ਜਾਂਦਾ ਹੈ, ਜਿਸ ਨਾਲ ਦਿਲ, ਜਿਗਰ, ਗੁਰਦੇ, ਦਿਮਾਗ ਆਦਿ ਦੇ ਕੋਮਲ ਤੋਂ ਕੋਮਲ ਪੱਠੇ ਧੀਰੇ ਧੀਰੇ ਕਮਜ਼ੋਰ ਹੁੰਦੇ ਹੋਏ, ਇਕ ਦਿਨ ਕੰਮ ਕਰਨ ਤੋਂ ਜਵਾਬ ਦੇ ਸਕਦੇ ਹਨ। ਬਾਕੀ ਭੋਜਨਾਂ ਨੇ ਵੀ ਮਿਠਾਸ ਵਿਚ ਬਦਲਣਾ ਹੁੰਦਾ ਹੈ। ਅਸੀਂ ਆਪਣੀ ਇਕ ਬੂੰਦ ਖ਼ੂਨ ਨੂੰ (ਜੇ ਗ਼ਲਤੀ ਨਾਲ ਸਬਜ਼ੀ ਕਟਦਿਆਂ ਉਂਗਲੀ ਕਟ ਜਾਵੇ) ਚੱਖ ਕੇ ਵੇਖੀਏ ਤਾਂ ਮਨੁਖੀ ਖ਼ੂਨ ੯੨ ਫ਼ੀ ਸਦੀ ਮਿੱਠਾ ਹੁੰਦਾ ਹੈ। ਜੇ ਇਹੀ ੯੪ ਫ਼ੀ ਸਦੀ ਤੋਂ ਵੱਧ ਮਿੱਠਾ ਹੋ ਜਾਵੇ ਤਾਂ ਸ਼ੂਗਰ ਦੀ ਬਿਮਾਰੀ ਲਗ ਜਾਂਦੀ ਹੈ, ਜੋ ਲਗ ਪਗ ਸਾਰੇ ਅੰਗਾਂ ਨੂੰ ਕਮਜ਼ੋਰ ਕਰਦੀ ਹੈ, ਖ਼ਾਸ ਕਰਕੇ ਦੰਦਾਂ, ਮਸੂੜਿਆਂ, ਅੱਖਾਂ ਦੀ ਸ਼ਕਤੀ ਅਤੇ ਹੱਥਾਂ ਪੈਰਾਂ ਦੀ ਸ਼ਕਤੀ ਨੂੰ ਬਹੁਤ ਹੀ ਕਮਜ਼ੋਰ ਕਰਦੀ ਹੈ। ਗੁੜ ਸ਼ਕਰ ਵੀ ਥੋੜਾ ਹੀ ਲੈਣਾ ਚਾਹੀਦਾ ਹੈ। ਉਹ ਵੀ ਪਹਿਲਾਂ ਪਾਣੀ ਵਿਚ ਘੋਲ ਕੇ, ਨਿਤਾਰ ਕੇ (ਮਿੱਟੀ ਰਸਾਇਣ ਆਦਿ ਤਲੇ ਬਿਠਾ ਕੇ) ਫਿਰ ਉਬਾਲ ਕੇ (ਕੀੜੇ ਮਾਰ ਕੇ) ਠੰਢਾ ਕਰਕੇ ਹੀ ਵਰਤਣਾ ਚਾਹੀਦਾ ਹੈ। ਉਹ ਵੀ ਘੱਟ ਤੋਂ ਘੱਟ, ਜਿਸ ਤਰ੍ਹਾਂ ਗੁੜ ਦੀ ਦੇਗ ਛਕੀ, ਫਿਰ ਸਾਰਾ ਦਿਨ ਗੁੜ ਦੀ ਲੋੜ ਨਹੀਂ। ਹਾਂ ਰੋਗੀ ਨੂੰ ਰੋਟੀ ਦੀ ਥਾਂ ਤੇ ਫਲ ਨਾ ਮਿਲੇ ਤਾਂ ਕਾੜ੍ਹੇ ਵਿਚ ਜਾਂ ਸਬਜ਼ੀਆਂ ਦੇ ਰਸ ਵਿਚ ਮਿਲਾ ਕੇ (ਫੁੱਲਾਂ ਦੇ ਰਸ ਵਿਚ ਆਪਣਾ ਮਿਠਾ ਹੁੰਦਾ ਹੈ) ਥੋੜਾ ਜਿਤਨਾ ਦਿਤਾ ਜਾ ਸਕਦਾ ਹੈ।

**ਡਬਲ ਰੋਟੀ ਬਿਸਕੁਟ ਆਦਿ ਨਾ ਵਰਤੋ**–ਉਪਰ ਲਿਖੀ ਪੁਸਤਕ ਅਨੁਸਾਰ ਡਬਲ ਰੋਟੀ (ਜਿਸ ਵਿਚ ੭ ਹੋਰ ਰਸਾਇਣ, ਫਟਕੜੀ ਚਾਕ ਦਾ ਪਾਊਡਰ ਅਤੇ ਪਲਾਸਟਰ ਆਫ਼ ਪੈਰਿਸ ਦਾ ਘੋਲ ਮਿਲਾਇਆ ਜਾਂਦਾ ਹੈ ਅਤੇ ਉਸ ਤੇ ਲੱਖਾਂ (ਅੱਖਾਂ ਨਾਲ ਨਹੀਂ, ਖ਼ੁਰਦਬੀਨ ਨਾਲ ਵੇਖੋ) ਕੀੜੇ ਚਲਦੇ ਹਨ, ਨਹੀਂ ਖਾਣੀ ਚਾਹੀਦੀ ਅਤੇ ਨਾ ਹੀ ਬਰਫ਼ੀ, ਲੱਡੂ, ਜਲੇਬੀ, ਹਲਵਾ, ਰਸਗੁਲਾ, ਨਮਕੀਨ, ਤਲੀਆਂ ਵਸਤਾਂ, ਬਜ਼ਾਰੀ ਅਚਾਰ ਮੁਰੱਬੇ, ਸ਼ਰਬਤ, ਸਕੈਸ਼ ਆਦਿਇਹ ਸਭ ਕੈਂਸਰ ਤਕ ਪਹੁੰਚਾ ਦੇਣ ਦਾ ਕਾਰਨ ਬਣਦੇ ਹਨ। ਬਿਸਕੁਟ ਬਿਲਕੁਲ ਹੀ ਨਹੀਂ ਖਾਣੇ ਚਾਹੀਦੇ। ਇਹਦੇ ਅਧਿਕ ਤੇਲ, ਮਿਠੇ, ਮੈਦੇ ਦੀ ਅਧਿਕ ਗਰਮੀ ਵਿਚ ਪਕਦਿਆਂ ਹਾਲਤ ਹੀ ਹੋਰ ਹੋ ਜਾਂਦੀ ਹੈ।

**ਆਪਣਾ ਮਿਸ਼ਟਾਨ ਤਿਆਰ ਕਰੋ**–ਹਾਂ, ਆਪਣਾ ਮਿਸ਼ਟਾਣ (ਉਹ ਵੀ ਜੇ ਬਹੁਤੀ ਲੋੜ ਹੋਵੇ, ਸਫ਼ਰ ਆਦਿ ਲਈ ਜਿਥੇ ਪ੍ਰਸ਼ਾਦਾ ਨਾ ਮਿਲੇ) ਆਪ ਬਣਾ ਲੈਣੇ ਚਾਹੀਦੇ ਹਨ। ਜਿਵੇਂ ਖਜੂਰ ਧੋ ਕੇ (ਇਸ ਦੇ ਉਪਰ ਅਤੇ ਅੰਦਰ ਗੁਠਲੀ ਕੋਲ ਲੱਖਾਂ ਕੀੜੇ ਹੁੰਦੇ ਹਨ, ਦੋ ਟੁਕੜੇ ਕਰਕੇ ਅੰਦਰੋਂ ਧੋ ਕੇ, ਫਿਰ ਸੁਕਾਅ ਕੇ, ਕੁਟ ਕੇ, ਨਾਲ ਬਦਾਮ ਗਿਰੀ, ਮੂੰਗਫਲੀ, ਨਾਰੀਅਲ, ਤਿਲ, ਭੁੰਨੇ ਛੋਲੇ ਵਿਚੋਂ ਕੋਈ ਇਕ ਵਸਤ ਪਾ ਕੇ ਕੁਟ ਲਿਆ ਜਾਵੇ, ਉਹ ਆਪ ਹੀ ਕੁਟਣ ਵਾਲੇ ਸੋਟੇ ਨਾਲ ਚਿਪਕ ਜਾਂਦੀ ਹੈ। ਲੱਡੂ ਬਣਾ ਲਓ, ਵੇਲ ਕੇ ਬਰਫ਼ੀ ਬਣਾ ਕੇ, ਉਤੋਂ ਤਿਲ ਚਿਪਕਾ ਕੇ ਕੇਕ ਬਣਾ ਲਓ। ਜਾਂ ਗੁੜ ਦੀ ਚਾਸ਼ਨੀ ਬਣਾ ਕੇ ਇਹ ਵਸਤਾਂ ਪਾ ਕੇ ਗਜਕ ਬਣਾ ਲਓ। ਬਾਜ਼ਾਰ ਦੀ ਗੰਦੀਆਂ ਚੀਜ਼ਾਂ ਨੂੰ ਕਦੇ ਹੱਥ ਵੀ ਨਾ ਲਾਓ। [ਚਲਦਾ]

---


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ੧੦ ਚਿਤਰ,੨੭੨ ਪੰਨੇ, ਸੁੰਦਰ ਰੱਖ)੧੦-੦੦

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਗੁਰਬਾਣੀ ਦੀ ਪਾਰਸਕਲਾ(ਭਾ:ਸਾਹਿਬ ਕ੍ਰਿਤ) | ੧-੦੦ |
| ਕੇਸਕੀ (ਦਸਤਾਰ) | ੧-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੧-੫੦ |
| ਖ਼ਾਲਸਾ ਰਹਿਤ ਮਰਯਾਦਾ (ਟਰੈਕਟ) | ੨-੦੦ | ਕੀ ਕੇਸ ਰਖਣੇ ਜ਼ਰਰੀ ਹਨ ? ,, | ੧-੦੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੧-੫੦ | ਗੁਰੂ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੫੦ | ਗੁਰਮਤਿ ਅਨਹਦ ਸ਼ਬਦ ,, | ੦-੫੦ |
| HAIR—A Divine Gift | 0-40 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ,, | ੦-੫੦ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੦੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੧-੦ | ਜਬ ਲਗ ਖਾਲਸਾ ਰਹੈ ਨਿਆਰਾ ,, | ੦-੭੫ |
| ਗੁਰਬਾਣੀ ਰਹਿਤਨਾਮਾ (੬੦ ਪੰਨੇ) | ੧-੫੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | ੧-੫੦ |
| ਸ੍ਰੀ ਭਗਉਤੀ ਪ੍ਰਬੰਧ | ੨-੦੦ | | |


www.AKJ.Org

# ਨੌਵੇਂ ਸਤਿਗੁਰ ਸਰਣਿ ਕੇ ਦਾਤੇ

[ਪ੍ਰਿੰਸੀਪਲ ਸਜਣ ਸਿੰਘ ਜੀ, ਨਵੀਂ ਦਿਲੀ]

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦੀ ਦਾਸਤਾਨ ਕੋਈ ਸਹਿਜ ਸੁਭਾ ਜਾਂ ਅਚਾਨਕ ਵਾਪਰੀ ਘਟਨਾ ਨਹੀਂ। ਇਹ ਨਿਰਬਲ, ਨਿਰਾਸੇ, ਨਿਥਾਵੇਂ ਤੇ ਲਾਚਾਰ ਮਜ਼ਲੂਮਾਂ ਦੀ ਅਸਹਿ ਪੀੜਾ-ਨਵਿਰਤੀ ਦੇ ਲਗਾਤਾਰ ਸੰਘਰਸ਼ ਦਾ ਮਹਾਨ ਸਾਕਾ ਹੈ। ਨਿਰਪੱਖ ਦ੍ਰਿਸ਼ਟੀ ਰੱਖਣ ਵਾਲਾ ਕੋਈ ਵੀ ਵਿਅਕਤੀ ਆਪ ਜੀ ਦੀ ਅਦੁੱਤੀ ਸ਼ਹਾਦਤ ਵਿਚੋਂ ਅਕਾਲ ਪੁਰਖ ਦੇ ਦੈਵੀ ਗੁਣ, ਹਮਦਰਦੀ, ਪਰਉਪਕਾਰ, ਬਖਸ਼ਸ਼, ਨਿਰਭੈਤਾ, ਦ੍ਰਿੜ੍ਹਤਾ, ਧੀਰਜ, ਨਿਰਲੇਪਤਾ ਅਤੇ ਬ੍ਰਹਮ ਗਿਆਨ ਦੀਆਂ ਨੂਰੀ ਰਿਸ਼ਮਾਂ ਦੀ ਝਲਕ ਤੱਕ ਸਕਦਾ ਹੈ।

ਆਪਣੇ ਪਿਉ ਤੇ ਭਰਾਵਾਂ ਦੇ ਹੱਤਿਆਰੇ ਔਰੰਗਜ਼ੇਬ ਨੇ ਆਪਣੇ ਕੀਤੇ ਗੁਨਾਹਾਂ ਦੇ ਪਸ਼ਚਾਤਾਪ ਲਈ ਹਿੰਦੂ ਜਾਤੀ ਦੇ ਧਰਮ ਨੂੰ ਕਤਲ ਕਰਨਾ ਤੇ ਉਨ੍ਹਾਂ ਨੂੰ ਇਸਲਾਮੀ ਧਰਮ ਅੰਦਰ ਲਿਆਉਣ ਦਾ ਵਹਿਸ਼ੀਆਨਾ, ਨਿਰਦਇਤਾ ਭਰਪੂਰ ਮਾਰਗ ਇਖ਼ਤਿਆਰ ਕੀਤਾ। ਗੁਰੂ ਅਰਜਨ ਦੇਵ ਜੀ ਨੇ ਸਹਸਕ੍ਰਿਤੀ ਸਲੋਕਾਂ ਵਿਚ ਫੁਰਮਾਇਆ— ਦਾਨੰ ਪਰਾ ਪੂਰਬੇਣ ਭੁੰਚੰਤੇ ਮਹੀਪਤੇ ॥

ਬਿਪਰੀਤ ਬੁਧੰ ਮਾਰਤ ਲੋਕਹ ਨਾਨਕ ਚਿਰੰਕਾਲ ਦੁਖ ਭੋਗਤੇ ॥੨੪॥ (ਪੰਨਾ ੧੩੫੬)

ਰਾਜ-ਮਦ ਵਿਚ ਉਲਟੀ ਮੱਤ ਅਜੇ ਅੱਤਿਆਚਾਰ ਕਰਨ ਤੇ ਤੁਲੀ ਹੋਈ ਸੀ ਤੇ ਪਾਪਾਂ ਗੁਨਾਹਾਂ ਦੇ ਫਲ ਤੋਂ ਕੋਸਾਂ ਦੂਰ।

ਸਲਾਹਕਾਰਾਂ ਨੇ ਮਸ਼ਵਰਾ ਦਿੱਤਾ ਜਾਂ ਔਰੰਗਜ਼ੇਬ ਨੇ ਆਪ ਹੀ ਫ਼ੈਸਲਾ ਕੀਤਾ ਕਿ ਬਾਕੀ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਤੋਂ ਪਹਿਲਾਂ ਕਸ਼ਮੀਰ ਦੇ ਪੰਡਤਾਂ ਦਾ ਮੁਸਲਮਾਨ ਬਣਨਾ ਬਹੁਤ ਜ਼ਰੂਰੀ ਹੈ। ਇਉਂ ਸਰਹੱਦੀ ਇਲਾਕੇ ਕਸ਼ਮੀਰ ਦੇ ਵਿਦਵਾਨ ਪੰਡਤ ਰਾਜਸੀ ਸੱਤਾ ਦੇ ਸ਼ਿਕਾਰ ਬਣੇ। ਕਿਸੇ ਨ ਕਿਸੇ ਬਹਾਨੇ ਧਰਮ ਪਰਿਵਰਤਨ ਦਾ ਸਿਲਸਿਲਾ ਏਨੀ ਬੇਰਹਿਮੀ ਨਾਲ ਸ਼ੁਰੂ ਕੀਤਾ ਕਿ ਮਨੁਖੀ ਕੋਮਲ ਆਤਮਾ ਹਲੂਣ ਕੇ ਰੱਖ ਦਿੱਤੀ।

ਬੇਚਾਰੇ ਕਿਸ ਕੋਲ ਫ਼ਰਿਆਦ ਕਰਦੇ? ਹਾਕਮ ਪੱਖ-ਵਾਦੀ ਤੇ ਜਾਬਰ, ਪਰਜਾ ਨਿਰਬਲ ਤੇ ਲਚਾਰ ਸੀ। ਧਾਰਮਕ ਅਸਥਾਨਾਂ ਦੇ ਕੱਢੇ ਹਾੜੇ ਤੇ ਤਰਲੇ ਨਿਰਾਰਥ ਗਏ। ਕਰਨ ਕਾਰਨ ਸਮਰੱਥ ਨੇ ਐਸਾ ਸੰਜੋਗ ਬਣਾਇਆ ਕਿ ਉਨ੍ਹਾਂ ਨੂੰ ਰੱਬੀ ਆਵਾਜ਼ ਰਾਹੀਂ ਕੁਛ ਇਸ ਤਰ੍ਹਾਂ ਦੀ ਸੋਝੀ ਪਈ—

ਮੇਰੇ ਮਨ ਹਰਿ ਊਪਰਿ ਕੀਜੈ ਭਰਵਾਸਾ ॥
ਜਹ ਜਾਈਐ ਤਹ ਨਾਲਿ ਮੇਰਾ ਸੁਆਮੀ ਹਰਿ ਅਪਨੀ ਪੈਜ ਰਖੈ ਜਨ ਦਾਸਾ ॥੧॥ਰਹਾਉ॥
ਜੇ ਅਪਨੀ ਬਿਰਥਾ ਕਹਹੁ ਅਵਰਾ ਪਹਿ ਤਾ ਆਗੈ ਅਪਨੀ ਬਿਰਥਾ ਬਹੁ ਬਹੁਤੁ ਕਢਾਸਾ ॥
ਅਪਨੀ ਬਿਰਥਾ ਕਹਹੁ ਹਰਿ ਅਪੁਨੇ ਸੁਆਮੀ ਪਹਿ ਜੋ ਤੁਮਰੇ ਦੂਖ ਤਤਕਾਲ ਕਟਾਸਾ...॥੨॥

[ਗੋਂਡ ਮਹਲਾ ੪—ਪੰਨਾ ੮੬੦

ਪੰਡਤਾਂ ਨੂੰ ਸਮਝਦਿਆਂ ਦੇਰ ਨਹੀਂ ਲੱਗੀ ਕਿ ਉਨ੍ਹਾਂ ਉੱਤੇ ਪਹਾੜ ਜਿੱਡੇ ਟੁੱਟੇ ਕਸ਼ਟ ਕੇਵਲ ਗੁਰੂ ਨਾਨਕ ਸਾਹਿਬ ਹੀ ਦੂਰ ਕਰ ਸਕਦੇ ਹਨ। "ਘੋਰ ਦੁੱਖਾਂ ਦਾ ਜਾਲ ਤੱਤਕਾਲ ਵੀ ਕੱਟਿਆ ਜਾ ਸਕਦਾ ਹੈ", ਆਸ਼ਾ ਦੀ ਇਹ ਕਿਰਨ ਜ਼ਖਮੀ ਹਿਰਦਿਆਂ ਵਿਚ ਨੱਪੀ, ਪੰਡਤ ਕਿਰਪਾ ਰਾਮ ਦੀ ਅਗਵਾਈ ਵਿਚ ਇਕ ਡੈਪੂਟੇਸ਼ਨ ਸੰਕਟ-ਮੋਚਨ-ਸਤਿਗੁਰੂ ਤੇਗ ਬਹਾਦਰ ਸਾਹਿਬ ਦੇ ਦਰਬਾਰ, ਅਨੰਦਪੁਰ ਸਾਹਿਬ ਵਿਚ ਪਹੁੰਚ ਗਿਆ।

ਉਸ ਨੇ ਹਕੂਮਤ ਦੇ ਵਿਤਕਰੇ ਭਰੇ ਵਤੀਰੇ, ਹਿੰਦੂ ਜਾਤੀ ਲਈ ਵਿਸ਼ੇਸ਼ ਟੈਕਸ, ਕਈ ਤਰ੍ਹਾਂ ਦੀਆਂ ਪਾਬੰਦੀਆਂ, ਬੇਇਨਸਾਫ਼ੀ ਤੇ ਧਰਮ-ਪਰਿਵਰਤਨ ਦੀ ਵਿਥਿਆ ਤ੍ਰਰੁਣਾ ਭਰੇ ਜਜ਼ਬਾਤ ਵਿਚ ਰੋ ਰੋ ਕੇ ਸੁਣਾਈ ਤੇ ਇਸ ਦਰਬਾਰ ਨੂੰ ਰੱਬੀ ਸਹਾਰਾ ਆਖਦਿਆਂ ਬੇਨਤੀ ਕੀਤੀ—

www.AKJ.Org

ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰੁ ॥
ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ ॥ (ਦਸਮ ਗ੍ਰੰਥ)

ਅੱਖਾਂ ਸਾਹਵੇਂ ਮਾਨਵਤਾ ਦਾ ਖ਼ੂਨ ਹੋਵੇ, ਇਨਸਾਫ਼ ਕੁਚਲਿਆ ਜਾਂਦਾ ਹੋਵੇ, ਧਿੰਗਾਜ਼ੋਰੀ ਨਾਲ ਇਕ ਧਰਮ ਦੀਆਂ ਬਾਹਾਂ ਤੋੜ ਕੇ ਦੂਜੇ ਧਰਮ ਨਾਲ ਲਾਈਆਂ ਜਾਣ ਤੇ ਤੱਕਣ ਵਾਲਾ ਸਿੱਧਾਂ ਵਾਂਗਰ ਸੰਸਾਰ ਤਿਆਗ ਕੇ ਪਰਬਤੀਂ ਚੜ੍ਹ ਜਾਵੇ, ਇਹ ਗੁਰੂ ਨਾਨਕ-ਘਰ ਦੀ ਪਰੰਪਰਾ ਨਹੀਂ ਹੈ ।

ਗੁਰਦੇਵ ਨੇ ਪੰਡਤਾਂ ਦੀ ਦਰਦ-ਭਰੀ ਵਿਥਿਆ ਸੁਣੀ ਤੇ ਅੰਤਰ ਧਿਆਨ ਹੋ ਗਏ । ਜਾਬਰ ਦੇ ਜਬਰ ਅਤੇ ਨਿਰਦੋਸ਼ ਜਨਤਾ ਦੀਆਂ ਕੂਕਾਂ ਫ਼ਰਿਆਦਾਂ ਦਾ ਜਾਇਜ਼ਾ ਲਿਆ ਤੇ ਬਹੁਤ ਠਰ੍ਹੰਮੇ ਨਾਲ ਸਪਸ਼ਟ ਸ਼ਬਦਾਂ ਦੁਆਰਾ ਕਿਹਾ ਕਿ ਤੁਸੀਂ ਗੁਰੂ ਨਾਨਕ ਦੇ ਦਰਬਾਰ ਆਏ ਹੋ, ਨਿਰਾਸੇ ਨਹੀਂ ਜਾਵੋਗੇ ।

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥੪॥੧॥੪॥
(ਬਿਹਾਗੜਾ ਮਹਲਾ ੫–ਪੰਨਾ ੫੪੪)

ਸ਼ਰਨਾਰਥੀ ਦੀ ਰੱਖਿਆ ਕਰਨੀ, ਦੁੱਖ ਵੰਡਾਉਣਾ, ਆਪਾ ਵਾਰਨਾ ਗੁਰਦੇਵ ਜੀ ਦਾ ਖ਼ਾਸ ਬਿਰਦ ਹੈ, ਸੁਭਾਅ ਹੈ, ਕਰਮ ਹੈ । ਤੁਸੀਂ ਬਿਨਾ ਝਿਜਕ, ਔਰੰਗਜ਼ੇਬ ਨੂੰ ਕਹਿ ਦੇਵੋ ਕਿ (ਗੁਰੂ) ਤੇਗ ਬਹਾਦਰ ਸਾਡੇ ਆਗੂ ਹਨ ਤੇ ਸਮੂਹ ਹਿੰਦੂ ਜਾਤੀ ਉਨ੍ਹਾਂ ਦੇ ਹੁਕਮ ਵਿਚ ਹੈ, ਜੇ ਤੁਸੀਂ ਉਨ੍ਹਾਂ ਨੂੰ ਮੁਸਲਮਾਨ ਬਣਾ ਲਵੋ ਤਾਂ ਕਸ਼ਮੀਰ ਦੇ ਸਭ ਹਿੰਦੂ ਸਹਜੇ ਹੀ ਮੁਸਲਮਾਨ ਬਣ ਜਾਣਗੇ ।

ਇਸ ਸੰਦੇਸ਼ ਦਾ ਔਰੰਗਜ਼ੇਬ ਉੱਤੇ ਕੀ ਅਸਰ ਪਿਆ, ਵਿਦਵਾਨਾਂ ਤੇ ਇਤਿਹਾਸਕਾਰਾਂ ਦੇ ਵਿਚਾਰਾਂ ਵਿਚ ਸਾਂਹਮਤੀ ਨਹੀਂ । ਉਸ ਦੇ ਦਾਦਾ ਨੇ ਗੁਰਦੇਵ ਜੀ ਦੇ ਦਾਦਾ ਨੂੰ ਲਾਹੌਰ ਵਿਚ ਕਿਵੇਂ ਸ਼ਹੀਦ ਕਰਵਾਇਆ, ਔਰੰਗਜ਼ੇਬ ਅਨਜਾਣ ਨਹੀਂ ਸੀ । ਗੁਰੂ-ਨਾਨਕ-ਘਰ ਦੇ ਤਿਆਗ-ਮਈ ਜੀਵਨ, ਆਪਾ ਵਾਰਨ ਦੇ ਸਾਹਸ ਤੇ ਉਤਸ਼ਾਹ ਤੋਂ ਉਹ ਭਲੀ ਪ੍ਰਕਾਰ ਜਾਣੂ ਸੀ । ਇਸ ਵਿਚਾਰ-ਧਾਰਾ ਦੇ ਅਧੀਨ ਇਹ ਸੰਦੇਸ਼ ਨਹੀਂ ਸੀ, ਵਕਤ ਦੀ ਹਕੂਮਤ ਨੂੰ ਬਹੁਤ ਵੱਡੀ ਵੰਗਾਰ ਸੀ, ਜਿਸ ਨੇ ਸ਼ਾਹੀ ਸ੍ਵੈਮਾਨ ਨੂੰ ਅੱਤ ਜ਼ਖ਼ਮੀ ਕੀਤਾ । ਇਸੇ ਕਰਕੇ ਦਲੇਰੀ ਭਰੇ ਸੰਦੇਸ਼ ਨੂੰ ਰਾਜਨੀਤਕ ਰੰਗ ਚੜ੍ਹਾ ਕੇ ਹਜ਼ੂਰ ਨੂੰ ਹਕੂਮਤ ਵਿਰੁਧ ਹਿੰਦੂ ਜ਼ਾਤੀ ਨੂੰ ਜਾਗ੍ਰਿਤ ਕਰਕੇ ਭੜਕਾਉਣ ਦਾ ਦੋਸ਼ ਲਗਾਇਆ ਤੇ ਗ੍ਰਿਫ਼ਤਾਰੀ ਦਾ ਹੁਕਮਨਾਮਾ ਜਾਰੀ ਕੀਤਾ ।

ਜਿਸ ਸਖ਼ਤੀ, ਨਿਰਦੈਤਾ ਤੇ ਵਹਿਸ਼ੀਆਨਾ ਤਰੀਕੇ ਨਾਲ ਅਤੇ ਭੈ-ਭਰਪੂਰ ਵਾਤਾਵਰਨ ਵਿਚ ਆਪ ਜੀ ਦੇ ਪਿਆਰੇ ਸਿੱਖਾਂ ਤੇ ਆਪ ਜੀ ਨੂੰ ਸ਼ਹੀਦ ਕੀਤਾ ਗਿਆ, ਉਸ ਨਾਲ ਕੁਦਰਤ ਦਾ ਜ਼ੱਰਾ ਜ਼ੱਰਾ ਕੁਰਲਾ ਉੱਠਿਆ । ਸਾਧਾਰਨ ਪਉਣ ਤੇ ਧਰਤੀ ਦੀ ਮਿੱਟੀ ਕਹਿਰ ਦੇ ਤੂਫ਼ਾਨ ਵਿਚ ਬਦਲ ਗਏ, ਜਿਸ ਦੀ ਆੜ ਵਿਚ ਸਿਰਲੱਥ ਸੂਰਮਿਆਂ ਨੇ, ਮੁਗ਼ਲ ਹਕੂਮਤ ਦੀਆਂ ਅੱਖਾਂ ਵਿਚ ਘੱਟਾ ਪਾ ਕੇ, ਹਜ਼ੂਰ ਦੇ ਪਾਵਨ ਸੀਸ ਤੇ ਧੜ ਨੂੰ ਸ਼ਾਹੀ ਕਬਜ਼ੇ ਤੋਂ ਸੁਤੰਤਰ ਕਰ ਕੇ ਅਨੰਦਪੁਰ ਸਾਹਿਬ ਤੇ ਰਕਾਬਗੰਜ ਪਹੁੰਚਾਉਣ ਵਿਚ ਸਫਲਤਾ ਪ੍ਰਾਪਤ ਕੀਤੀ । ਲੋਕ ਅਤੇ ਪਰਲੋਕ ਵਿਚ ਇਸ ਮਹਾਨ ਘਟਨਾ ਦਾ ਪ੍ਰਭਾਵ ਅਲੱਗ-ਅਲੱਗ ਪਿਆ, ਜਿਸ ਬਾਰੇ ਦਸਮ ਗੁਰਦੇਵ ਜੀ ਫ਼ੁਰਮਾਉਂਦੇ ਹਨ–

ਤੇਗ ਬਹਾਦਰ ਕੇ ਚਲਤ, ਭਯੋ ਜਗਤ ਕੋ ਸੋਕ ॥
ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ ॥੧੬॥ (ਬਚਿਤ੍ਰ ਨਾਟਕ, ਧਿਆਇ ੫)

ਨਿਰਸੰਦੇਹ ਆਪ ਜੀ ਦੀ ਅਦੁੱਤੀ ਕੁਰਬਾਨੀ ਦੇ ਪਿਛੋਕੜ ਵਿਚ ਵੈਰਾਗ, ਤਿਆਗ, ਆਪਾ ਵਾਰਨਾ, ਸੂਰਮਗਤੀ ਅਤੇ ਬਿਬੇਕ ਦੀ ਛਾਪ ਪ੍ਰਤੱਖ ਦਿਖਾਈ ਦੇਂਦੀ ਹੈ । ਸਲੋਕ ਮਹਲਾ ੯ ਵਿਚ ਆਪਣੇ ਅਮੋਲਕ ਬਚਨ :-

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨੁ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥ (ਪੰਨਾ ੧੪੨੭)

ਨੂੰ ਅਮਲੀ ਸਰੂਪ ਬਖ਼ਸ਼ਣ ਦਾ ਕਿੰਨਾ ਢੁੱਕਵਾਂ ਅਵਸਰ ਸੀ । ਇਕ ਨਿਰਭੈ ਸਿਪਾਹੀ ਵਾਂਗ 'ਬਾਹਿ ਜਿਨ੍ਹਾਂ ਦੀ ਪਕੜੀਏ



www.AKJ.Org

ਸਿਰ ਦੀਜੈ ਬਾਹਿ ਨ ਛੋਡੀਏ' ਦਾ ਪਰਉਪਕਾਰੀ ਕਰਤੱਵ ਨਿਭਾਉਂਦਿਆ ਮਜ਼ਲੂਮਾਂ ਦੀ ਰੱਖਿਆ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਕੇ, ਉਨ੍ਹਾਂ ਦੇ ਦੁੱਖ ਕਲੇਸ਼ ਆਪਣੀ ਝੋਲੀ ਵਿਚ ਹੱਸ ਕੇ ਪੜ੍ਹਾਏ। ਇਉਂ ਸੂਰਬੀਰ ਬਚਨ ਦੇ ਬਲੀ ਬਣਨ ਦੀ ਗੁੜ੍ਹਤੀ ਸਿੱਖ ਧਰਮ ਨੂੰ ਬਖਸ਼ੀ।

ਦਸਮੇਸ਼ ਪਿਤਾ ਨੇ ਬਚਿਤ੍ਰ ਨਾਟਕ ਧਿਆਇ ੫ ਵਿਚ ਇਸ ਮਹਾਨ ਸਾਕੇ ਦੀ ਮਹਾਨਤਾ ਦੇ ਪਾਵਨ ਉਦੇਸ਼ ਦੀ ਸੁੰਦਰ, ਯਾਦਗਾਰੀ, ਇਤਿਹਾਸਕ ਤਸਵੀਰ ਪਰਦਾਨ ਕੀਤੀ ਹੈ। ਵਿਸ਼ਵ ਭਰ ਵਿਚ ਇਸ ਦੀ (੧) ਸਰਬ ਸ੍ਰੇਸ਼ਟਤਾ ਅਤੇ (੨) ਅਤੁੱਲਤਾ ਦਰਸਾਉਣ ਖਾਤਰ ਹਜ਼ੂਰ ਫੁਰਮਾਉਂਦੇ ਹਨ–

(੧) ਕੀਨੋ ਬਡੋ ਕਲੂ ਮਹਿ ਸਾਕਾ ॥੧੩॥

(੨) ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ॥੧੫॥

ਇਸ ਮਹਾਨ ਘਟਨਾ ਦਾ ਮਹੱਤਵ-ਪੂਰਨ ਅੰਗ ਉਦੇਸ਼ ਨਾਲ ਸੰਬੰਧਤ ਹੈ। ਉਦੇਸ਼ ਇਕ ਐਸੀ ਕਸੌਟੀ ਹੈ ਜਿਹੜੀ ਸ਼ਹਾਦਤ ਦੀ ਮਹਾਨਤਾ ਦਾ ਗੁਣਾਤਮਕ ਰੂਪ ਨਿਖਾਰ ਕੇ ਸਾਡੇ ਸਾਹਮਣੇ ਰੱਖਦੀ ਹੈ। ਮਨੋਰਥ ਬਿਨਾ ਜਾਂ ਗਲਤ ਮੰਤਵ ਦੇ ਅਧੀਨ ਹੋਈ ਕੁਰਬਾਨੀ ਨੂੰ ਇਤਿਹਾਸ ਵਿਚ ਉੱਚੇ ਦਰਜੇ ਦਾ ਸਥਾਨ ਨਹੀਂ ਮਿਲਦਾ। ਦਸਮੇਸ਼ ਪਿਤਾ ਨੇ ਇਸ ਕੁਰਬਾਨੀ ਦੇ ਉਦੇਸ਼ਾਂ ਦੇ ਤਿੰਨ ਨਿਸ਼ਚਿਤ ਵਿਸ਼ੇਸ਼ ਪੱਖ ਰੂਪਮਾਨ ਕੀਤੇ ਹਨ–

੧. ਸਾਧਨ ਹੇਤਿ ਇਤੀ ਜਿਨਿ ਕਰੀ ॥......।੧੩।

੨. ਧਰਮ ਹੇਤ ਸਾਕਾ ਜਿਨਿ ਕੀਆ ॥ ......।੧੪।

੩. ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥......।੧੩।

ਇਨ੍ਹਾਂ ਸੂਖਮ ਵੀਚਾਰਾਂ ਤੋਂ ਗਿਆਤ ਹੁੰਦੀ ਹੈ ਕਿ–

(੧) ਹਕੂਮਤ ਦੇ ਗ਼ੈਰ-ਮੁਸਲਮਾਨ ਪਰਜ਼ਾ ਉੱਤੇ ਮਾਨਵਤਾ ਰਹਿਤ ਪੱਖਵਾਦੀ ਅਤੇ ਅੱਤਿਆਚਾਰੀ ਵਰਤਾਉ ਤੋਂ ਤੰਗ ਆਏ ਦੁੱਖੀਆਂ ਨੂੰ ਪਨਾਹ ਦੇਣੀ, ਸਹਾਰਾ ਦੇਣਾ, ਅਤੇ ਕਸ਼ਟ-ਨਵਿਰਤੀ ਦਾ ਵਿਸ਼ਵਾਸ ਦਿਵਾਉਣਾ ਗੁਰਦੇਵ ਦਾ ਹੌਸਲਾ ਵਧਾਊ ਵਾਇਦਾ ਸੀ।

(੨) ਰਾਜ-ਹੱਵਸ ਤੇ ਸਮੂੰਹ ਭਾਰਤ ਨੂੰ ਮੁਸਲਮਾਨ ਬਣਾਉਣ ਦੀ ਅਧਾਰਮਕ ਨੀਤੀ ਵਿਰੁੱਧ ਹਿੰਦੂਆਂ ਵਿਚ ਨਿਡਰਤਾ ਦਾ ਜਜ਼ਬਾ ਜਗਾਉਣ ਲਈ, ਕੇਵਲ ਇਕ ਨਿਰਭਉ ਨਿਰੰਕਾਰ ਦੀ ਪੂਜਾ ਕਰਨ ਦਾ ਅਤੇ ਕਿਸੇ ਦਾ ਭੈ ਨਾ ਮੰਨਣ ਦਾ ਉਪਦੇਸ਼ ਦੇਣਾ, ਹਜ਼ੂਰ ਦੇ ਧਰਮ ਪਰਚਾਰ ਦਾ ਵਿਸ਼ੇਸ਼ ਮਨੋਰਥ ਸੀ।

(੩) ਕੇਵਲ ਇਨਸਾਨੀਅਤ ਦੇ ਹੱਕਾਂ ਨੂੰ ਯੋਗ ਅਸਥਾਨ ਦਿਵਾਉਣ ਲਈ, ਹਿੰਦੂ ਧਰਮ ਦੇ ਕਰਮ ਧਰਮ ਵਿਚ ਨਾ ਵਿਸ਼ਵਾਸ ਰੱਖਦਿਆਂ ਹੋਇਆਂ ਵੀ, ਉਨ੍ਹਾਂ ਦੇ ਤਿਲਕ ਜੰਞੂ ਦੀ ਰੱਖਿਆ ਲਈ ਔਰੰਗਜ਼ੇਬ ਨੂੰ ਚਨੌਤੀ ਭਰਿਆ ਸੁਨੇਹਾ ਭੇਜ ਕੇ, ਆਪਣਾ ਪਾਵਨ ਬਿਰਦ ਨਿਭਾਉਣਾ ਇਕ ਐਸਾ ਸਾਹਸੀ ਤੇ ਦਲੇਰਾਨਾ ਕ਼ਦਮ ਸੀ ਜਿਸ ਦੀ ਦੁਨੀਆ ਵਿਚ ਕੋਈ ਮਿਸਾਲ ਨਹੀਂ।

ਗੁਰਦੇਵ ਬਾਬਾ ਜੀ ! ਆਪ ਜੀ ਦੀਆਂ ਕਰਨੀਆਂ ਦਾ ਸਾਰਾ ਭਾਰਤ ਰਿਣੀ ਹੈ। ਏਨੇ ਚੜ੍ਹੇ ਅਹਿਸਾਨਾਂ ਦਾ ਕਰਜ਼ਾ ਉਤਾਰਨਾ ਤਾਂ ਸੌਖਾ ਨਹੀਂ, ਪਰ ਆਪ ਜੀ ਦੇ ਕੀਤੇ ਪਰਉਪਕਾਰ ਨੂੰ ਵਿਸਾਰਨਾ ਅੱਤ ਦਰਜੇ ਦੀ ਅਕ੍ਰਿਤਘਣਤਾ ਹੈ। ਜਿਥੇ ਆਪ ਜੀ ਨੇ ਏਨੀ ਰਹਿਮਤ ਕੀਤੀ, ਉੱਥੇ ਐਸੀ ਨਦਰਿ ਕਰਮਿ ਭੀ ਹੋ ਜਾਵੇ ਕਿ ਹੇਠ ਲਿਖੇ ਗੁਰਵਾਕ ਅਨੁਸਾਰ ਤੁਹਾਡੀ ਪ੍ਰਤਿਭਾ ਤੇ ਵਡਿਆਈ ਸਾਡੇ ਸੁੰਨੇ ਹਿਰਦੇ ਵਿਚ ਧੱਸ ਜਾਵੇ ਤੇ ਵੱਸ ਜਾਵੇ–

ਹਉ ਬਲਿਹਾਰੀ ਸਤਿਗੁਰ ਪੂਰੇ ॥ ਸਰਣਿ ਕੇ ਦਾਤੇ-ਬਚਨ ਕੇ ਸੂਰੇ ॥
ਐਸਾ ਪ੍ਰਭੁ ਮਿਲਿਆ ਸੁਖਦਾਤਾ ਵਿਛੁੜਿ ਨ ਕਤਹੀ ਜਾਸਾ ਹੇ ॥੧੪॥

[ਮਾਰੂ ਸੋਲਹੇ ਮਹਲਾ ੫, ਪੰਨਾ ੧੦੭੩



www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੧੩)
# ਮੁਗ਼ਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਿਨ ਸਵਰਨ ਸਿੰਘ ਜੀ]

## ਮੁਗਲ ਜਰਨੈਲਾਂ ਦੀ ਅਸਫਲਤਾ–

ਮੁਹੰਮਦ ਅਮੀਨ ਖਾਨ ਬਹਾਦਰ ਅਤੇ ਰੁਸਤਮਿ-ਜੰਗ ੩੧ ਮਈ (੨੪ ਰੱਬੀ-ਉ-ਸਾਨੀ) ਨੂੰ ਸੌਖੇ ਹੀ ਫੌਜ ਸਮੇਤ ਰਾਵੀਓਂ ਪਾਰ ਹੋ ਗਏ। ਇਥੇ ਇਨ੍ਹਾਂ ਨੂੰ ਪਤਾ ਲਗਾ ਕਿ ਬੰਦਾ ਸਿੰਘ ਨੇ ਔਰੰਗਾਬਾਦ ਤੇ ਪਸਰੂਰ ਮਾਰ ਲਿਆ ਹੈ ਤੇ ਉਨ੍ਹਾਂ ਤੋਂ ਬਹੁਤੀ ਦੂਰ ਨਹੀਂ ਹੈ। ਦੂਜੇ ਪਾਸੇ ਬਾਦਸ਼ਾਹ ਵੀ ਰਵਾਂ ਰਵੀਂ ਲਾਹੌਰ ਵਲ ਆ ਰਿਹਾ ਸੀ। ਮੁਹੰਮਦ ਅਮੀਨ ਖਾਨ ਬਹਾਦਰ ਦੀਆਂ ਦੋ ਲਿਖਤਾਂ ਜੋ ਕ੍ਰਮਵਾਰ ੨੩ ਮਈ (੧੬ ਰੱਬੀ-ਉ-ਸਾਨੀ) ਤੇ ੨੮ ਮਈ (੨੧ ਰੱਬੀ-ਉ-ਸਾਨੀ) ਨੂੰ ਬਾਦਸ਼ਾਹ ਨੂੰ ਪੁਜੀਆਂ, ਜਿਨ੍ਹਾਂ ਚੋਂ ੨੮ ਮਈ ਵਾਲੀ ਬੱਸੀ ਦੇ ਮੁਕਾਮ ਤੇ ਮਿਲੀ ਤੇ ਫਿਰ ਇਕ ਲਿਖਤ ਮੁਹੰਮਦ ਅਮੀਨ ਖਾਨ ਤੇ ਰੁਸਤਮਿ ਜੰਗ ਦੀ ਲਿਖਤ ਰਾਹੀਂ ਬਾਦਸ਼ਾਹ ਨੂੰ ਖ਼ਬਰ ਦਿਤੀ ਗਈ ਸੀ ਕਿ ਬੰਦਾ ਸਿੰਘ ਬਟਾਲਿਓਂ ਹਟ ਕੇ ਰਾਵੀਓਂ ਪਾਰ ਹੋ ਗਿਆ ਹੈ। ਜਾਪਦਾ ਹੈ ਕਿ ਜਰਨੈਲਾਂ ਦੀ ਜ਼ਮੀਰ ਨੇ ਹੀ ਉਨ੍ਹਾਂ ਨੂੰ ਕੋਸਿਆ ਹੋਵੇਗਾ ਤੇ ਕੁਝ ਬਾਦਸ਼ਾਹ ਵਲੋਂ ਵੀ ਡਰ ਕਿ ਤੁਹਾਡੇ ਐਨੇ ਨਜ਼ਦੀਕ ਹੋਣ ਤੇ ਵੀ ਬੰਦਾ ਸਿੰਘ ਦੋ ਸ਼ਹਿਰ ਮਾਰ ਕੇ ਸਾਫ ਕਰ ਜਾਵੇ, ਤੁਸਾਂ ਕੀ ਕਦਮ ਚੁਕਿਆ, ਇਸ ਖਿਆਲ ਨੇ ਉਨ੍ਹਾਂ ਨੂੰ ਤਟ ਫਟ ਕੁਝ ਕਰਨ ਤੇ ਮਜਬੂਰ ਕੀਤਾ ਹੋਵੇ, ਤਾਕਿ ਨਮਕ-ਹਲਾਲੀ ਤੇ ਵਫ਼ਾਦਾਰੀ ਤੇ ਧੱਬਾ ਨਾ ਲੱਗੇ।

ਸੋ ਇਕ ਦਿਨ ਰਾਤ ਵਿਚ ੩੦ ਕੋਹ ਦਾ ਪੈਂਡਾ ਤੈਅ ਕਰ ਕੇ, ਪਸਰੂਰੋਂ ਸੱਤ ਕੋਹ ਪਰੇ ਇਕ ਜੂਨ (੨੫ ਰੱਬੀ-ਉ-ਸਾਨੀ) ਵਾਲੇ ਦਿਨ ਸਿੰਘਾਂ ਨਾਲ ਟੱਕਰ ਜਾ ਲਈ। ਜਥੇ ਵਿਚ ਸਿੰਘਾਂ ਦੀ ਗਿਣਤੀ ਬੜੀ ਥੋੜੀ ਸੀ। ਦੂਸਰੇ ਪਾਸੇ ਮੁਹੰਮਦ ਅਮੀਨ ਖਾਨ, ਰੁਸਤਮਿ-ਜੰਗ ਤੇ ਈਸਾ ਖਾਨ ਮੰਝ ਅਤੇ ਹੋਰ ਬਾਦਸ਼ਾਹੀ ਸਰਦਾਰ, ਤੇ ਮੁਲਖਈਆ, ਜੋ ਨਾਲ ਰਲ ਤੁਰਿਆ ਸੀ, ਸਭ ਦੀ ਰਲ ਕੇ ਗਿਣਤੀ ਬਹੁਤ ਜ਼ਿਆਦਾ ਸੀ। ਸਿੰਘ ਵੀ ਤੇਗਾਂ ਸੂਤ ਕੇ ਬਿਟਰੇ ਸ਼ੇਰਾਂ ਵਾਂਗ ਗਲ ਪੈ ਗਏ। ਦੋਹਾਂ ਪਾਸਿਆਂ ਦਾ ਬੜਾ ਨੁਕਸਾਨ ਹੋਇਆ। ਇਸ ਸਰਦਾਰ ਨੇ ਪਿਛਲੀ ਢਿਲ ਮਠ ਚਾਲ, ਜੋ ਇਨ੍ਹਾਂ ਬੰਦਾ ਸਿੰਘ ਦੇ ਮਗਰ ਮਗਰ ਅਖਤਿਆਰ ਕੀਤੀ ਹੋਈ ਸੀ, ਦਾ ਦਾਗ ਧੋਣ ਲਈ ਆਪਣੇ ਸੂਰਬੀਰਾਂ ਨੂੰ ਬੜਾ ਉਤਸ਼ਾਹਤ ਕੀਤਾ। ਸਿੰਘਾਂ ਦੀ ਘਟ ਗਿਣਤੀ ਵੀ ਉਨ੍ਹਾਂ ਦੇ ਹੌਸਲੇ ਵਿਚ ਵਾਧਾ ਕਰ ਰਹੀ ਸੀ ਤੇ ਲਲਕਾਰੇ ਵੱਜ ਰਹੇ ਸਨ ਕਿ ਕੋਈ ਬਚ ਕੇ ਨਾ ਜਾਣ ਦਿਤਾ ਜਾਵੇ। ਦੂਜੇ ਪਾਸੇ ਵੈਰੀ ਦੀ ਬਹੁਤੀ ਗਿਣਤੀ ਦਾ ਸਿੰਘਾਂ ਉਤੇ ਅਸਰ ਕੋਈ ਨਹੀਂ ਸੀ। ਗਿਣਤੀਆਂ ਮਿਣਤੀਆਂ ਵਿਚ ਤਾਂ ਸਿੰਘ ਪੈਂਦੇ ਹੀ ਨਹੀਂ। ਦੋਵੇਂ ਧਿਰਾਂ ਖ਼ੂਬ ਜੀਅ ਤੋੜ ਕੇ ਲੜੀਆਂ ਤੇ ਦਿਲਾਂ ਦੇ ਅਰਮਾਨ ਕਢੇ। ਮੁਹੰਮਦ ਅਮੀਨ ਖਾਨ ਵਲੋਂ ਬਾਦਸ਼ਾਹ ਦੀ ਸੇਵਾ ਵਿਚ ਇਸ ਲੜਾਈ ਸੰਬੰਧੀ ਭੇਜੀ ਗਈ ਤਹਿਰੀਰ, ਜੋ ੪ ਜੂਨ (੨੮ ਰੱਬੀ-ਉ-ਸਾਨੀ) ਨੂੰ ਮਿਲੀ, ਉਸ ਵਿਚ ਉਹ ਮੰਨਦਾ ਹੈ ਕਿ ਬਾਦਸ਼ਾਹੀ ਫੌਜ ਦੇ ਬੰਦੇ ਵੀ ਬਹੁਤ ਫਟੜ ਹੋਏ (ਬੰਦਾ-ਹਾਏ ਬਾਦਸ਼ਾਹੀ ਹਮ ਬਸਿਆਰ ਜ਼ਖਮੀ ਸ਼ੁਦਾ)। ਮੁਹੰਮਦ ਅਮੀਨ ਖਾਨ ਤੇ ਈਸਾ ਖਾਨ ਮੰਝ ਦੇ ਹਾਥੀ ਵੀ ਫਟੜ ਹੋਏ ਤੇ ਉਹ ਆਪ ਬੜੀ ਮੁਸ਼ਕਲ ਨਾਲ ਜਾਨ ਬਚਾ ਸਕੇ। ਜਿਸ ਤੁੰਦੀ ਤੇ ਜੋਸ਼ ਨਾਲ ਸਿੰਘ ਲੜੇ ਸਨ, ਇਸ ਤੋਂ ਇਨ੍ਹਾਂ ਨੂੰ ਨਿਸਚਾ ਹੋ ਗਿਆ ਕਿ ਬੰਦਾ ਸਿੰਘ ਆਪ ਇਸ ਲੜਾਈ ਵਿਚ ਸ਼ਾਮਲ ਹੈ, ਨਹੀਂ ਤਾਂ ਸ਼ਾਹੀ ਫੌਜ ਦਾ ਏਨਾ ਨੁਕਸਾਨ ਨਹੀਂ ਸੀ ਹੋਣਾ। ਉਸ ਤੋਂ ਬਿਨਾਂ ਫੌਜ ਦਾ ਇਹ ਮੰਦਾ ਹਾਲ ਨਹੀਂ ਸੀ ਹੋਣਾ। ਚੂੰਕਿ ਬੰਦਾ ਸਿੰਘ ਨੂੰ ਕਿਸੇ ਨੇ ਵੇਖਿਆ ਨਹੀਂ ਸੀ, ਇਸ ਲਈ ਉਨ੍ਹਾਂ ਸਮਝਿਆ ਕਿ ਬੰਦਾ ਸਿੰਘ ਮਾਰਿਆ ਗਿਆ ਹੈ ਜਾਂ ਘਾਇਲ ਹੋ ਕੇ ਫਟੜਾਂ ਵਿਚ ਡਿਗਾ ਪਿਆ ਹੈ। ਇਸ ਲਈ ਉਨ੍ਹਾਂ ਨੇ ਉਹ ਜਾਣਕਾਰ ਬੰਦੇ ਬੁਲਾਏ, ਜੋ ਬੰਦਾ ਸਿੰਘ ਨੂੰ ਚੰਗੀ ਤਰ੍ਹਾਂ ਪਛਾਣਦੇ ਸਨ ਤੇ ਲੋਥਾਂ ਪਛਾਨਣ ਦਾ ਪ੍ਰਬੰਧ ਕੀਤਾ। ਇਕ ਇਕ ਕਰਕੇ ਲੋਥਾਂ ਤੇ ਫਟੜ ਵੇਖੇ ਗਏ। ਸਾਰਿਆਂ ਨੂੰ ਬੜੀ ਨਿਰਾਸਤਾ ਹੋਈ ਤ ਅੰਤ ਮੁਹੰਮਦ ਅਮੀਨ ਖਾਨ ਨੇ ਬਾਦਸ਼ਾਹ ਨੂੰ ਲਿਖ ਘਲਿਆ ਕਿ ਮੈਨੂੰ ਪਰਤੀਤ ਹੁੰਦਾ ਹੈ ਕਿ ਬੰਦਾ ਸਿੰਘ ਇਕੱਲਾ ਹ



www.AKJ.Org

ਨਿਕਲ ਕੇ ਦੌੜ ਗਿਆ ਹੈ। ਇਸ ਗੱਲ ਦੀ ਹੈਰਾਨੀ ਤੇ ਅਫ਼ਸੋਸ ਵੀ ਹੈ।

**ਅਸਲੀਅਤ–**

ਸਚਾਈ ਇਹ ਹੈ ਕਿ ਬੰਦਾ ਸਿੰਘ ਇਸ ਜਥੇ ਵਿਚ ਹੈ ਹੀ ਨਹੀਂ ਸੀ। ਉਹ ਆਪਣੇ ਸਿੰਘਾਂ ਦੇ ਦੂਜੇ ਜਥੇ ਨਾਲ ਜੰਮੂ ਦੀਆਂ ਉੱਤਰ ਚੜ੍ਹਦੇ ਦੀਆਂ ਪਹਾੜੀਆਂ ਵਲ ਨੂੰ ਚਲਾ ਗਿਆ ਸੀ। ਇਹ ਜਥਾ, ਜਿਸ ਨਾਲ ਉਪ੍ਰੋਕਤ ਜੰਗ ਹੋਈ, ਮਾਲੂਮ ਹੁੰਦਾ ਹੈ ਕਿ ਉੱਤਰ ਲਹਿੰਦੇ ਵਲ ਪਸਰੂਰ ਨੂੰ ਹੌਲੀ ਹੌਲੀ ਗਿਆ ਸੀ, ਇਸ ਲਈ ਕਿ ਬਾਦਸ਼ਾਹੀ ਫੌਜਾਂ ਇਸ ਜਥੇ ਮਗਰ ਲੱਗ ਜਾਣ ਤੇ ਬੰਦਾ ਸਿੰਘ ਮੌਕਾ ਪਾ ਕੇ ਦੂਜੇ ਜਥੇ ਨਾਲ ਉੱਤਰ ਚੜ੍ਹਦੇ ਨੂੰ ਨਿਕਲ ਜਾਏ। ਆਪਣੇ ਆਗੂ ਨੂੰ ਬਚਾਉਣ ਲਈ ਸਿੰਘਾਂ ਦੀ ਇਹ ਆਪਾ-ਵਾਰੂ ਚਾਲ ਸੀ। ਹਰ ਜਿਤ ਦਾ ਮੁਢ ਕੁਰਬਾਨੀ ਦਾ ਜਜ਼ਬਾ ਹੀ ਹੁੰਦਾ ਹੈ। ਆਪਣੀ ਵਿਉਂਤ ਵਿਚ ਸਿੰਘ ਪੂਰੀ ਤਰ੍ਹਾਂ ਸਫਲ ਹੋ ਗਏ, ਭਾਵੇਂ ਜੰਗ ਵਿਚ ਉਨ੍ਹਾਂ ਨੂੰ ਡਾਢੀ ਹਾਨੀ ਉਠਾਉਣੀ ਪਈ।

ਬੰਦਾ ਸਿੰਘ ਨੇ ਪਹਾੜੀਆਂ ਵਿਚ ਜਾ ਕੇ ਆਪਣਾ ਰੁਖ਼ ਚੜ੍ਹਦੇ ਦਖਣ ਵਲ ਕਰ ਲਿਆ। ਮਗਰ ਲਗੀ ਫੌਜ ਨੂੰ ਕੋਈ ਪਤਾ ਨਾ ਲੱਗਾ ਕਿ ਬੰਦਾ ਸਿੰਘ ਕਿਸ ਪਾਸੇ ਅਲੋਪ ਹੋ ਗਿਆ ਹੈ। ਪਰ ਜਦ ਜਗਵਾਲੀਏ ਰਾਜਾ ਧਰੁਵ ਦੇਵ ਨੂੰ ਬੰਦਾ ਸਿੰਘ ਦੇ ਚੜ੍ਹਦੇ ਦਖਣ ਦੀਆਂ ਪਹਾੜੀਆਂ ਵਿਚ ਪੁਜਣ ਦੀ ਸੂਹ ਲੱਗੀ ਤਾਂ ਉਸ ਨੇ ਮੁਗਲ ਰਾਜ ਦੀ ਵਫ਼ਾਦਾਰੀ ਦਾ ਸਬੂਤ ਦੇ ਦਿਆਂ ਹੋਇਆਂ ਇਕ ਪਾਸੇ ਤਾਂ ਸੂਬਾ ਲਾਹੌਰ ਦੇ ਅਖ਼ਬਾਰ-ਨਵੀਸ ਨੂੰ ਖ਼ਬਰ ਪਹੁੰਚਾ ਦਿਤੀ ਅਤੇ ਦੂਸਰੇ ਪਾਸੇ ਰਾਜੌਰ ਦੇ ਸੱਯਦ ਅਜ਼ਮਤੁੱਲਾ ਖਾਨ ਆਦਿ ਨੂੰ ਨਾਲ ਲੈ ਕੇ ਬੰਦਾ ਸਿੰਘ ਵਾਲੇ ਜਥੇ ਦਾ ਰਾਹ ਰੋਕ ਦਿਤਾ।

ਹੁਣ ਤਕ ਪਿਛੇ ਲੱਗੀ ਫ਼ੌਜ ਨੂੰ ਵੀ ਸੂਹ ਮਿਲ ਚੁਕੀ ਸੀ ਕਿ ਬੰਦਾ ਸਿੰਘ ਕਿਸ ਪਾਸੇ ਗਿਆ ਹੈ ਤੇ ਐਸ ਵੇਲੇ ਕਿਥੇ ਹੈ। ਸੋ ਮੁਹੰਮਦ ਅਮੀਨ ਖਾਨ, ਰੁਸਤਮ ਜੰਗ (ਰੁਸਤਮ ਦਿਲ ਖਾਨ), ਅਗਰ ਖਾਨ (ਅਸਗਰ? ਖਾਨ ?) ਈਸਾ ਖਾਨ ਮੰਝ ਆਦਿ ਨੇ ਆਪਣੀਆਂ ਫੌਜਾਂ ਇਕੱਠੀਆਂ ਕਰ ਲਈਆਂ ਤੇ ਬੜੀ ਤੇਜ਼ੀ ਨਾਲ ਅੱਗੇ ਵਧਦੇ ਹੋਏ ਪਹਾੜੀ ਦੱਰੇ ਦੇ ਸਿਰ ਉਤੇ ਆ ਪੁਜੇ। ਇਨ੍ਹਾਂ ਸ਼ਾਹੀ ਸਰਦਾਰਾਂ ਆਪਣੇ ਖਿਆਲ ਅਨੁਸਾਰ ਬੰਦਾ ਸਿੰਘ ਨੂੰ ਤਿੰਨਾਂ ਪਾਸਿਆਂ ਤੋਂ ਘੇਰ ਲਿਆ ਹੋਇਆ ਸੀ ਤੇ ਇਸ ਘੇਰੇ ਨੂੰ ਏਨਾ ਪੱਕਾ ਕਰ ਲਿਆ ਸੀ ਕਿ ਬੰਦਾ ਸਿੰਘ ਇਸ ਤੋਂ ਬਚ ਕੇ ਨਿਕਲ ਨਹੀਂ ਸਕੇਗਾ। ਇਸ ਖ਼ੁਸ਼-(ਫ਼ਹਿਮੀ) ਤੇ ਜੋਸ਼ ਵਿਚ ਉਨ੍ਹਾਂ ਬਾਦਸ਼ਾਹ ਨੂੰ ਖ਼ਬਰਾਂ ਲਿਖ ਭੇਜੀਆਂ ਕਿ ਅੱਜ ਜਾਂ ਕਲ੍ਹ ਤਕ ਸਿੱਖ ਆਗੂ ਨੂੰ ਫੜ ਲਿਆ ਜਾਵੇਗਾ ਤੇ ਜਲਦੀ ਹਜ਼ੂਰ ਦੀ ਖ਼ਿਦਮਤ ਵਿਚ ਜ਼ਿੰਦਾ ਪੇਸ਼ ਕਰ ਦਿਤਾ ਜਾਵੇਗਾ। ਇਹ ਖ਼ਬਰਾਂ ਲਾਹੌਰੀ ਅਖ਼ਬਾਰ-ਨਵੀਸ ਵਲੋਂ ਬਾਦਸ਼ਾਹ ਦੇ ਹਜ਼ੂਰ ਹਦਾਇਤੁਲਾ ਖ਼ਾਨ ਦੇ ਰਾਹੀਂ ੭ ਅਤੇ ੮ ਜੂਨ (੨ ਅਤੇ ੩ ਜਮਾਦੀ-ਉਲ-ਅੱਵਲ) ਨੂੰ ਪੁਜੀਆਂ। ਘੇਰਾ ਘਤੀ ਬੈਠੇ ਤੇ ਆਪਣੀ ਹੋਣ ਵਾਲੀ ਸਫਲਤਾ ਦੀ ਖ਼ੁਸ਼ੀ ਦੇ ਨਸ਼ੇ ਵਿਚ ਮਸਤ ਜਰਨੈਲਾਂ ਦੀ ਮਯੂਸੀ ਦੀ ਕੋਈ ਹਦ ਨਾ ਰਹੀ, ਜਦ ਬੰਦਾ ਸਿੰਘ ਬੜੀ ਦਲੇਰੀ ਤੇ ਆਪਣੀ ਤੀਖਣ ਬੁਧੀ ਚੋਂ ਉਪਜਣ ਵਾਲੀ ਚਤਰਾਈ ਨਾਲ, ਜੋ ਅਤੀ ਗੰਭੀਰ ਸਥਿਤੀਆਂ* ਵਿਚ, ਉਸ ਨੂੰ ਵੇਲੇ ਸਿਰ ਫੁਰ ਪੈਂਦੀ ਸੀ, ਬਿਨਾਂ ਕਿਸੇ ਨੁਕਸਾਨ ਦੇ, ਮੁਗਲ

---

* ਇਨ੍ਹਾਂ ਰੱਬੀ ਰਹਿਮਤਾਂ ਸਦਕਾ ਬੰਦਾ ਸਿੰਘ ਨੂੰ ਬਖ਼ਸ਼ਿਸ਼ ਹੋਏ ਗੁਣ ਸਨ, ਜਿਨ੍ਹਾਂ ਨੂੰ ਸਿਰ ਤੇ ਬਣੀਆਂ ਭਿਆਨਕ ਭੀੜਾਂ ਸਮੇਂ ਬੜੇ ਸੰਤੁਲਨ ਦਿਮਾਗ ਤੇ ਹੁਸ਼ਿਆਰੀ ਨਾਲ ਵਰਤ ਕੇ ਦੁਸ਼ਮਣ ਨੂੰ ਬੌਂਦਲਾ ਦੇਂਦਾ ਤੇ ਅਦਿਖ ਹੀ ਨਰਗੇ ਚੋਂ ਨਿਕਲ ਜਾਂਦਾ ਸੀ। ਉਚ ਕੋਟੀ ਦੀ ਤੇਜ਼ ਬੁਧੀ, ਹੋਣ ਵਾਪਰਨ ਵਾਲੀਆਂ ਘਟਨਾਵਾਂ ਦੀ ਨਰੋਈ ਸੂਝ, ਉਦਮ, ਚਾਲਾਕੀ ਚੁਸਤੀ ਫੁਰਤੀ ਤੇ ਦੁਸ਼ਮਣ ਦੇ ਸਿਰ ਤੇ ਅਚਨਚੇਤ ਉਸ ਵੇਲੇ ਕੜਕ ਪੈਣਾ ਜਦ ਉਸ ਨੂੰ ਚਿਤ-ਚੇਤਾ ਵੀ ਨਾ ਹੋਵੇ, ਸ਼ੇਰ ਨਾਲੋਂ ਕਿਤੇ ਵਧ ਕੇ ਦਲੇਰੀ, ਕਦੀ ਵੀ ਘਬਰਾਹਟ ਨੂੰ ਲਾਗੇ ਨਾ ਫਟਕਣ ਦੇਣਾ, ਹੱਦੋਂ ਪਰੇ ਦੀ ਨਿਰਭੈਤਾ ਤੇ ਇਹੋ ਜਿਹੇ ਅਨੇਕਾਂ ਗੁਣ ਸਨ, ਜੋ ਉਸ ਦੀ ਕਾਮਯਾਬੀ ਦਾ ਭੇਤ ਸਨ। ਵਹਿਮੀ, ਆਲਸੀ, ਹੱਡ-ਹਰਾਮੀ ਤੇ ਅਰਾਮ-ਪ੍ਰਸਤ ਮੁਗਲ ਅਫ਼ਸਰ ਤੇ ਇਥੋਂ ਤਕ ਕਿ ਬਾਦਸ਼ਾਹੀ ਸਰਦਾਰ ਵੀ ਉਸ ਦਿਆਂ ਗੁਣਾਂ ਨੂੰ ਜਾਦੂਗਰੀ ਨਾਲ ਜੋੜਦੇ ਸਨ। ਬੰਦਾ ਸਿੰਘ ਜਾਦੂਗਰ ਨਹੀਂ ਸੀ, ਸਗੋਂ ਕੁਦਰਤ ਦੀ ਕਾਰਾਗਰੀ ਤੇ ਉਸ ਦੀਆਂ ਦੋਹੀਂ ਦੋਹੀਂ ਹਥੀਂ ਹੋਈਆਂ ਬਖ਼ਸ਼ਿਸ਼ਾਂ ਦਾ ਇਕ ਆਲ੍ਹਾ ਨਮੂਨਾ ਸੀ। ਉਨ੍ਹਾਂ ਬੇਸਮਝਾਂ ਨੂੰ ਨਹੀਂ ਸੀ ਪਤਾ ਕਿ ਐਸੇ ਆਦਮੀ ਸਦੀਆਂ ਬਾਅਦ ਪੈਦਾ ਹੁੰਦੇ ਹਨ। ਉਨ੍ਹਾਂ ਦੀ ਸਿਰੇ ਦੀ ਯੋਗਤਾ ਤੇ ਸਮਰੱਥਾ ਨੂੰ ਆਮ ਲੋਕ ਕੀ, ਸਿਆਣੇ ਵੀ ਜਾਦੂਗਰੀ ਸਮਝ ਬੈਠਦੇ ਹਨ।



www.AKJ.Org

ਫ਼ੋਜਾਂ ਦੇ ਘੇਰੇ ਚੋਂ ਬਚ ਕੇ ਨਿਕਲ ਗਿਆ। ਬੰਦਾ ਸਿੰਘ ਦਾ ਸਾਰਾ ਹੀ ਲੜਨ-ਢੰਗ ਨਿਰਾਲਾ ਸੀ। ਉਸ ਦੀ ਕਿਸੇ ਚ ਲ ਦਾ ਦੁਸ਼ਮਣ ਨੂੰ ਪਤਾ ਤਕ ਨਹੀਂ ਸੀ ਲਗਦਾ। ਉਹ ਹਮੇਸ਼ਾ ਆਪਣੇ ਆਪ ਨੂੰ ਪਾਸਿਆਂ ਤੇ ਰਖਦਾ ਸੀ ਤੇ ਫ਼ੋਜਾਂ ਨੂੰ ਮੌਕਾ ਹੀ ਨਹੀਂ ਸੀ ਦੇਂਦਾ ਕਿ ਉਸ ਨੂੰ ਵੇਖ ਸਕਣ। ਮੈਦਾਨ ਵਿਚ ਬੰਦਾ ਸਿੰਘ ਵਿਰੁਧ ਰੁਝੀਆਂ ਮੁਗਲ ਫ਼ੋਜਾਂ ਨੂੰ ਪਤਾ ਹੀ ਨਹੀਂ ਸੀ ਹੁੰਦਾ ਕਿ ਉਹ ਕਿਥੇ ਹੈ। ਜਰਨੈਲ ਫ਼ੌਜ ਦਾ ਯਲਗਾਰ ਕਿਸ ਪਾਸੇ ਕਰਾਉਣ ? ਮੌਕਾ ਤਾੜ ਕੇ ਵੈਰੀ ਦੇ ਉਸ ਹਿੱਸੇ ਤੇ ਬਿਜਲੀ ਵਾਂਗ ਆਣ ਟੁਟਦਾ ਸੀ ਜਿਸ ਨੂੰ ਚਿਤ ਚੇਤਾ ਵੀ ਨਹੀਂ ਸੀ ਹੁੰਦਾ ਕਿ ਉਹ ਕਦੀ ਇਸ ਪਾਸੇ ਵੀ ਆਣ ਪਵੇਗਾ। ਦੁਸ਼ਮਣ ਨੂੰ ਸੁਰਤ ਫੜਨ ਤੋਂ ਪਹਿਲਾਂ ਹੀ ਉਸ ਦੇ ਆਹੂ ਲਾਹ ਕੇ ਵੇਖਦਿਆਂ ਵੇਖਦਿਆਂ ਹੀ ਅਲੋਪ ਹੋ ਜਾਂਦਾ ਸੀ।

ਅੱਜ ਜਰਨੈਲਾਂ ਨੂੰ ਪੂਰਨ ਭਰੋਸਾ ਸੀ ਕਿ ਉਨ੍ਹਾਂ ਬੰਦਾ ਸਿੰਘ ਨੂੰ ਪੂਰੀ ਤਰ੍ਹਾਂ ਘੇਰ ਲਿਆ ਹੈ, ਉਹ ਨਿਕਲ ਨਹੀਂ ਸਕੇਗਾ। ਉਨ੍ਹਾਂ ਦੇ ਹਿਸਾਬ ਨਾਲ ਇਹ ਗੱਲ ਸੌ ਫ਼ੀ ਸਦੀ ਠੀਕ ਸੀ। ਕਿਉਂ ? ਇਸ ਲਈ ਕਿ ਤਿੰਨ ਪਾਸੀਂ ਬਾਦਸ਼ਾਹੀ ਫ਼ੋਜਾਂ ਸਨ ਅਤੇ ਚੋਥੇ ਪਾਸੇ ਸਿਧੀ ਪਹਾੜੀ ਖੜੀ ਸੀ, ਜਿਸ ਉਤੇ ਸਵਾਰੀ ਨਾਲ ਚੜ੍ਹਨਾ ਤਾਂ ਕਿਤੇ ਰਿਹਾ, ਪੈਦਲ ਚੜ੍ਹਨਾ ਵੀ ਅਸੰਭਵ ਸੀ। ਕਿਸੇ ਪਾਸੇ ਨਿਕਲ ਜਾਣ ਦਾ ਕੋਈ ਰਾਹ ਨਹੀਂ ਸੀ। ਪਰ ਉਸ ਨੇ ਇਹੋ ਜਿਹੇ ਕਈ ਮੌਕੇ ਵੇਖੇ ਸਨ ਤੇ ਭਿਆਨਕ ਮੁਸੀਬਤਾਂ ਸਿਰ ਤੇ ਹੰਢਾਈਆਂ ਸਨ। ਆਪਣੀ ਲੁਕਵੀਂ ਥਾਂ ਤੋਂ ਹਰਕਤ ਕੀਤੀ ਤੇ ਅੱਖ ਬਚਾ ਕੇ ਚੀਤੇ ਵਾਂਗ ਇਕ ਨੁਕਰ ਨੂੰ ਹੋ ਗਿਆ, ਜਿਹੜਾ ਪਾਸਾ ਰੁਸਤਮ ਦਿਲ ਖਾਨ ਆਪਣੀ ਫ਼ੋਜ ਨਾਲ ਮਲੀ ਖੜਾ ਸੀ। ਉਸ ਨੂੰ ਪਤਾ ਨਹੀਂ ਲਗਣ ਦਿਤਾ ਕਿ ਬੰਦਾ ਸਿੰਘ ਉਸ ਦੇ ਏਨਾ ਲਾਗੇ ਪਹੁੰਚ ਗਿਆ ਹੈ। ਉਹ ਝਾੜਾਂ ਬੂਟਾਂ ਵਿਚ ਸ਼ਹਿ ਮਾਰੀ ਖੜੇ ਸਨ। ਮੌਕਾ ਤਾੜ ਕੇ ਪੜੋਲ ਕਠੂਹੇ ਦੇ ਲਾਗਿਓਂ, ਬਿਲਕੁਲ ਰੁਸਤਮ ਦਿਲ ਖਾਨ ਦੇ ਐਨ ਸਾਮ੍ਹਣਿਓਂ ਬੜੀ ਫੁਰਤੀ ਨਾਲ ਨਿਕਲ ਕੇ ਅਚਾਨਕ ਹੀ ਉਸ ਦੀਆਂ ਫੋਜਾਂ ਉਤੇ ਟੁਟ ਪਿਆ। ਗਾਜ਼ੀ ਖਾਨ ਰੁਸਤਮਿ ਜੰਗ ਜੋ ਇਕ ਹੰਢਿਆਂ ਤੇ ਔਖ ਵੇਲੇ ਵੀ ਅਡੋਲ ਰਹਿਣ ਵਾਲਾ ਸੂਰਮਾ ਸੀ, ਨੇ ਆਪਣਾ ਸਾਰਾ ਤਾਣ ਲਾਇਆ, ਪਰ ਝਟਾ ਪਟ ਸਿਰ ਤੇ ਚੜ੍ਹ ਆਏ ਸਿੰਘਾਂ ਦੇ ਰੋਲੇ ਨੂੰ ਰੋਕ ਨਾ ਸਕਿਆ। ਤਲਵਾਰਾਂ ਸੂਤ ਕੇ ਬੰਦਾ ਸਿੰਘ ਤੇ ਉਸ ਦੇ ਸਾਥੀ ਬਾਦਸ਼ਾਹੀ ਫ਼ੌਜਾਂ ਦੀਆਂ ਸਫ਼ਾਂ ਨੂੰ ਚੀਰਦੇ, ਤੇ ਜੋ ਸਾਮ੍ਹਣੇ ਆਇਆ ਉਸ ਨੂੰ ਤੇਗ ਦੇ ਘਾਟ ਉਤਾਰਦੇ ਹੋਏ, ਰੁਸਤਮਿ ਜੰਗ ਦੀਆਂ ਅਖਾਂ ਸਾਮ੍ਹਣੇ ਅਲੋਪ ਹੋ ਗਏ।[2] ਦੁਸ਼ਮਣ ਨੂੰ ਮਗਰ ਪੈਣ ਦੀ ਵੀ ਹੋਸ਼ ਨਾ ਰਹੀ।

## ਮੁਗਲ ਸਰਦਾਰ ਦੀ ਨਿਰਾਸਤਾ ਤੇ ਪੜੋਲ ਕਠੂਹੇ ਦੇ ਲੋਕਾਂ ਦੀ ਸ਼ਾਮਤ–

ਏਡੀ ਵੱਡੀ ਵਿਉਂਤ-ਬਧ ਮੁਹਿੰਮ ਅੱਖ ਦੇ ਪਲਕਾਰੇ ਵਿਚ ਘਟੇ ਕੌਡੀ ਹੋ ਗਈ। ਸਰਦਾਰ ਸੁਪਨੇ ਲੈ ਰਹੇ ਸਨ ਕਿ ਉਹ ਸਫਲਤਾ ਦੇ ਐਨ ਲਾਗੇ ਪਹੁੰਚ ਚੁਕੇ ਹਨ। ਬਾਦਸ਼ਾਹ ਉਨ੍ਹਾਂ ਦੀ ਸ਼ਾਨਦਾਰ ਕਾਰਗੁਜ਼ਾਰੀ ਤੇ ਖ਼ੁਸ਼ ਹੋ ਕੇ ਇਨਾਮ ਕਿਰਾਮ ਤੇ ਖ਼ਿਤਾਬਾਂ ਨਾਲ ਉਨ੍ਹਾਂ ਨੂੰ ਲੱਦ ਦੇਵਗਾ। ਉਹ ਖੁਸ਼ ਸਨ ਕਿ ਜੋ ਬਾਦਸ਼ਾਹ ਦੀ ਅਗਵਾਈ ਵਿਚ ਕੰਮ ਨਾ ਹੋ ਸਕਿਆ, ਉਹ ਉਨ੍ਹਾਂ ਇਕੱਲਿਆਂ ਹੀ ਕਰ ਵਿਖਾਇਆ। ਪਰ ਜਦ ਬੰਦਾ ਸਿੰਘ ਲੱਗ-ਪਗ ਕਾਬੂ ਆਇਆ ਹਥੋਂ ਤਿਲ੍ਹਕ ਗਿਆ ਤਾਂ ਰੁਸਤਮ ਦਿਲ ਖਾਨ ਦਾ ਦਿਲ ਟੁਟ ਗਿਆ। ਉਸ ਦੀ ਨਿਰਾਸਤਾ ਦੀ ਕੋਈ ਹੱਦ ਨਾ ਰਹੀ। ਬੰਦਾ ਸਿੰਘ ਨੂੰ ਫੜ ਲੈਣ ਦੀ ਕੋਈ ਉਮੀਦ ਨਾ ਰਹੀ, ਕਿਉਂਕਿ ਉਹ ਹੁਣ ਓਬੜ-ਖੋਬੜ ਪਹਾੜਾਂ ਦੀਆਂ ਤੰਗ ਔਖੀਆਂ ਘਾਟੀਆਂ, ਗੁੰਝਲਦਾਰ ਡੰਡੀਆਂ ਤੇ ਅਨ੍ਹੇਰੀਆਂ ਗਾਰਾਂ ਖਡਾਂ ਵਿਚ ਜਾ ਵੜਿਆ ਸੀ। ਰੁਸਤਮ ਦਿਲ ਖਾਨ ਦੀ ਨਿਰਾਸਤਾ ਨੇ ਉਸ ਨੂੰ ਬਹੁਤ ਛਿਥਿਆਂ ਪਾ ਦਿਤਾ। ਉਸ ਨੇ ਆਪਣਾ ਗਚ ਪੜੋਲ ਕਠੂਹੇ ਤੇ ਲਾਗੇ ਦੀ ਵਸੋਂ ਤੇ ਕਢਿਆ। ਆਪਣੀ ਨਾਕਾਮਯਾਬੀ ਡਾਂ ਕਿਸੇ ਦੇ ਸਿਰ ਥਪਣੀ ਹੀ ਸੀ। ਸੋ ਉਸ ਨੇ ਅਨੇਕਾਂ ਬੇ-ਗੁਨਾਹ ਤੇ ਮਾਸੂਮ ਲੋਕਾਂ ਨੂੰ ਝੂਠੀ ਊਜ ਥਲੇ ਧਰ ਕੇ ਫੜ ਲਿਆ ਕਿ ਉਹ ਸਿਖ ਹਨ ਤੇ ਬੰਦਾ ਸਿੰਘ ਦੇ ਹਮਾਇਤੀ ਹਨ। ਬੱਚੇ ਬੁਢੇ ਤੇ ਜਵਾਨ ਫੜ ਕੇ ਗ਼ੁਲਾਮ ਬਣਾ ਲਏ, ਤੇ ਆਪਣੇ ਸਿਪਾਹੀਆਂ ਨੂੰ, ਜਿਨ੍ਹਾਂ ਨੂੰ ਬੜੇ ਚਿਰ ਤੋਂ ਤਨਖ਼ਾਹਾਂ ਨਹੀਂ ਸਨ ਮਿਲੀਆਂ, ਇਹ ਫੜੇ ਹੋਏ ਬਦਨਸੀਬ ਲੋਕ ਤਨਖਾਹਾਂ ਵਜੋਂ ਦੇ ਦਿਤੇ ਗਏ। ਇੰਜ ਸਾਰੇ ਜਬਰੀ ਬਣਾਏ ਗੁਲਾਮ ਬੰਦੀ ਬਣਾ ਕੇ ਲਾਹੌਰ ਲਿਆਂਦੇ ਗਏ, ਜਿਥੇ ਇਨ੍ਹਾਂ ਨੂੰ ਲਾਹੌਰ ਦੀ ਘੋੜ-ਮੰਡੀ


www.AKJ.Org

(ਨਖਾਸ ਬਾਜ਼ਾਰ) ਵਿਚ ਪਸ਼ੂਆਂ ਵਾਂਗ ਵੇਚਿਆ ਗਿਆ ਤੇ ਇੰਜ ਤਨਖਾਹਾਂ ਪੂਰੀਆਂ ਕੀਤੀਆਂ ਗਈਆਂ।[3]

**ਮੁਗ਼ਲ ਸਰਦਾਰਾਂ ਦੀ ਆਪੋ ਵਿਚ ਨਾਚਾਕੀ–**

ਜਿਤ ਵਿਚ ਹਰ ਕੋਈ ਹਿਸੇਦਾਰ ਬਣ ਬਹਿੰਦਾ ਹੈ, ਪਰ ਹਾਰ ਵੇਲੇ ਕੋਈ ਵੀ ਆਪਣੇ ਸਿਰ ਲੈਣ ਨੂੰ ਤਿਆਰ ਨਹੀਂ ਹੁੰਦਾ ਕਿ ਇਹ ਮੇਰੀ ਢਿਲ ਦਾ ਸਬਬ ਹੈ। ਬੰਦਾ ਸਿੰਘ ਤਾਂ ਅੱਖਾਂ ਦੇ ਮੂਹਰੇ ਹੀ ਅਲੋਪ ਹੋ ਗਿਆ ਤੇ ਜਾਂਦਾ ਹੋਇਆ ਕਈਆਂ ਨੂੰ ਬਿਲੇ ਲਾ ਗਿਆ, ਅਨੇਕਾਂ ਘਾਇਲ ਕਰ ਕੇ ਸੁਟ ਗਿਆ। ਇਸ ਵਿਚ ਕਿਸ ਦੀ ਢਿਲ ਹੈ, ਕੌਣ ਸਵੀਕਾਰ ਕਰੇ ? ਬੰਦਾ ਸਿੰਘ ਨਿਕਲਿਆ ਵੀ ਰੁਸਤਮਿ ਜੰਗ ਵਲੋਂ ਰੋਕੀ ਬਾਹੀ ਨੂੰ ਚੀਰ ਕੇ ਸੀ। ਇਸ ਦੇ ਛੇਤੀ ਹੀ ਪਿਛੋਂ ਮੁਹੰਮਦ ਅਮੀਨ ਖਾਨ ਅਤੇ ਰੁਸਤਮ ਦਿਲ ਖਾਨ ਵਿਚਕਾਰ ਮਤ-ਭੇਦ ਦੇ ਕਾਰਨ ਕਾਫ਼ੀ ਕੁੜੱਤਣ ਆ ਗਈ, ਜੋ ਏਨੀ ਵਧ ਗਈ ਕਿ ਅਮੀਨ ਖਾਨ ਰੁਸਤਮ ਦਿਲ ਦੇ ਵਿਰੁਧ ਹੋਈ-ਅਣਹੋਈ ਨੂੰ ਗੰਢ ਤੇ ਵਧਾ ਚੜ੍ਹਾ ਕੇ ਬਾਦਸ਼ਾਹ ਦੇ ਕੰਨ ਭਰਨ ਤੇ ਉਸ ਵਲ ਬਾਦਸ਼ਾਹ ਦਾ ਮਨ ਮੈਲਾ ਕਰਨ ਵਿਚ ਸਫ਼ਲ ਹੋ ਗਿਆ। ਜਿਵੇਂ ਕਿ ਲਗ ਪਗ ਸਾਰੇ ਹੀ ਬਾਦਸ਼ਾਹ ਕੰਨਾਂ ਦੇ ਕੱਚੇ ਹੁੰਦੇ ਹਨ, ਬਹਾਦਰ ਸ਼ਾਹ ਇਸ ਸਿਫ਼ਤ ਵਿਚ ਹੋਰਨਾਂ ਨਾਲੋਂ ਵੀ ਬਹੁਤ ਅੱਗੇ ਸੀ, ਤੇ ਸੱਚ ਛਾਣਨ ਦੀ ਥਾਂ ਚੁਗਲੀਆਂ ਤੇ ਝੂਠ ਮੂਠ ਦੀਆਂ ਊਜਾਂ ਨੂੰ ਹੀ ਪੱਲੇ ਬੰਨ੍ਹ ਲੈਂਦਾ ਸੀ। ਮੁਹੰਮਦ ਅਮੀਨ ਖਾਨ ਨੇ ਬਾਦਸ਼ਾਹ ਦੀ ਇਸ ਕਮਜ਼ੋਰੀ ਤੋਂ ਖ਼ੂਬ ਫ਼ਾਇਦਾ ਉਠਾਇਆ। ਮੁਗ਼ਲ ਦਰਬਾਰ ਵਿਚ ਦੂਸਰਿਆਂ ਦੀਆਂ ਲੱਤਾਂ ਖਿਚ ਕੇ, ਉਨ੍ਹਾਂ ਨੂੰ ਬਾਦਸ਼ਾਹ ਦੀ ਨਜ਼ਰਾਂ ਵਿਚੋਂ ਗਿਰਾ ਕੇ ਆਪ ਅੱਗੇ ਵਧਣਾ ਤੇ ਬਾਦਸ਼ਾਹ ਦੇ ਕਰੀਬ ਹੋ ਕੇ ਨਿੱਜੀ ਲਾਭ ਕਮਾਉਣ ਦਾ ਮਰਜ਼ ਵਬਾਅ ਵਾਂਗ ਵਧਿਆ ਹੋਇਆ ਸੀ। ਮੁਹੰਮਦ ਅਮੀਨ ਖਾਨ ਭਾਵੇਂ ਆਪ ਇਕ ਬਹੁਤ ਚੰਗਾ, ਸਿਆਣਾ ਤੇ ਮੁਗ਼ਲ ਰਾਜ ਦਾ ਵਫ਼ਾਦਾਰ ਜਰਨੈਲ ਸੀ, ਪਰ ਇਹ ਵੀ ਉਪਰਲੇ ਰੋਗ ਦਾ ਗ੍ਰਸਿਆ ਹੋਇਆ ਸੀ। ਇਸ ਦੇ ਵੀ ਮੌਕਾ ਹੱਥ ਆ ਗਿਆ ਕਿ ਬਾਦਸ਼ਾਹ ਨੂੰ ਕਿਸੇ ਮਾੜੀ ਘਟਨਾ ਜਾਂ ਹਾਰ, ਜੋ ਕਿਸੇ ਦੇ ਜ਼ਾਹਰਾ ਤੌਰ ਤੇ ਜ਼ਿੰਮੇ ਲਗਦੀ ਹੋਵੇ, ਉਸ ਨੂੰ ਵਧਾ ਚੜ੍ਹਾ ਕੇ ਦਸਿਆਂ ਆਪਣੇ ਵਿਰੋਧੀ ਦੇ ਬਰਖ਼ਿਲਾਫ਼ ਲਾਭ ਪ੍ਰਾਪਤ ਕਰ ਲੈਣਾ ਮੌਕੇ ਅਨੁਸਾਰ ਬੁਰਾ ਨਹੀਂ। ਉਸ ਨੇ ਉਹ ਕੁਝ ਕੀਤਾ, ਜੋ ਮੁਗ਼ਲ ਦਰਬਾਰ ਵਿਚ ਹੋ ਰਿਹਾ ਸੀ। ਉਸ ਨੇ ਬਾਦਸ਼ਾਹ ਨੂੰ ਲਿਖ ਭੇਜਿਆ ਕਿ ਬੰਦਾ ਸਿੰਘ ਬਿਲਕੁਲ ਹੱਥ ਵਿਚ ਆ ਹੀ ਗਿਆ ਸੀ, ਜੇ ਰੁਸਤਮਿ ਜੰਗ ਆਪਣੀ ਬਦਨੀਤੀ ਨਾਲ ਉਸ ਦੇ ਨਿਕਲ-ਭਜਣ ਵਿਚ ਸਹਾਈ ਨਾ ਹੁੰਦਾ। ਇਸ ਨੇ ਉਸ ਪਾਸੋਂ ਇਕ ਵੱਡੀ ਰਕਮ ਲੈ ਕੇ ਆਪਣੀ ਬਾਹੀ ਵਾਲੇ ਪਾਸਿਓਂ ਉਸ ਨੂੰ ਨਿਕਲ ਜਾਣ ਵਿਚ ਸਹਾਇਤਾ ਕੀਤੀ ਹੈ, ਕਿਉਂਕਿ ਇਸ ਨੇ ਬੰਦਾ ਸਿੰਘ ਨੂੰ ਰੋਕਣ ਵਿਚ ਜ਼ਾਹਰਾ ਢਿਲ ਕੀਤੀ ਹੈ। ਇਹ ਚਾਹੁੰਦਾ ਤਾਂ ਉਸ ਨੂੰ ਫੜ ਸਕਦਾ ਸੀ। ਇਥੋਂ ਸਿਧ ਹੁੰਦਾ ਹੈ ਕਿ ਇਹ ਉਸ ਨਾਲ ਲਾਲਚ-ਵਸ ਮਿਲਿਆ ਹੋਇਆ ਸੀ। ਮੁਹੰਮਦ ਸ਼ਫ਼ੀ ਵਾਰਿਦ ਆਪਣੀ ਪੁਸਤਕ "ਮਿਰਤਿ-ਵਾਰਿਦਾਤ" ਵਿਚ ਇਸ ਬਾਰੇ ਲਿਖਦਾ ਹੈ ਕਿ ਮੁਹੰਮਦ ਅਮੀਨ ਖਾਨ ਨੇ ਰੁਸਤਮਿ ਜੰਗ ਦੇ ਵਿਰੁਧ ਬੇਈਮਾਨੀ ਅਤੇ ਦਗ਼ੇ ਦੀ ਊਜ ਲਗਾਈ ਤੇ ਕਿਹਾ ਕਿ ਰੁਸਤਮਿ-ਜੰਗ ਨੇ ਨਰਗੇ ਵਿਚ ਆਏ ਬੰਦਾ ਸਿੰਘ ਪਾਸੋਂ ਇਕ ਵੱਡੀ ਰਕਮ ਵਢੀ ਵਜੋਂ ਲੈ ਕੇ ਐਨ ਸਮੇਂ ਸਿਰ ਹਮਲਾ ਕਰਨ ਵਿਚ ਢਿਲ ਕੀਤੀ ਹੈ ਤੇ ਇਸ ਤਰ੍ਹਾਂ ਬੰਦਾ ਸਿੰਘ ਦੀ ਸਹਾਇਤਾ ਕਰ ਕੇ ਉਸ ਨੂੰ ਕਾਬੂ ਆਉਣ ਤੋਂ ਬਚਾਅ ਦਿਤਾ ਹੈ। ਕੰਨਾਂ ਦੇ ਕੱਚੇ ਤੇ ਲਾਈ-ਲੱਗ ਬਾਦਸ਼ਾਹ ਨੇ ਅਮੀਨ ਖਾਨ ਦੀ ਇਸ ਮਨ-ਘੜਤ ਕਹਾਣੀ ਨੂੰ ਸੱਚੀ ਮੰਨ ਲਿਆ। ਬਾਦਸ਼ਾਹ ਉਤੇ ਹੋਏ ਅਸਰ ਦੀ ਪੁਸ਼ਟੀ ਇਸ ਗੱਲ ਤੋਂ ਹੋ ਜਾਂਦੀ ਹੈ ਕਿ ਜਦ ੧੧ ਜੁਲਾਈ (੬ ਜਮਾਦੀ-ਉ ਸਾਨੀ) ਨੂੰ ਰੁਸਤਮ ਦਿਲ ਖਾਨ ਵਲੋਂ ਭੇਜੀ ਅਰਜ਼ੀ ਬਾਦਸ਼ਾਹ ਨੂੰ ਪੁਜੀ, ਜਿਸ ਵਿਚ ਲਿਖਿਆ ਸੀ ਕਿ ਬੰਦਾ ਸਿੰਘ ਜਮੂੰ ਦੇ ਪਹਾੜ ਦੇ ਦੱਰੇ ਵਿਚ ਚਲਾ ਗਿਆ ਹੈ ਅਤੇ ਜੇ ਮੈਨੂੰ ਸ਼ਹਿਨਸ਼ਾਹ ਵਲੋਂ ਸਹਾਇਤਾ ਵਜੋਂ ਹੋਰ ਇਮਦਾਦੀ ਫ਼ੌਜ ਮਿਲ ਜਾਏ ਤਾਂ ਮੈਂ ਉਸ ਨੂੰ ਦੱਰੇ ਦੇ ਮੂੰਹ ਤੇ ਛਡ ਕੇ ਆਪ ਉਸ ਦੇ ਵਿਰੁਧ ਦੱਰੇ ਵਿਚ ਜਾਵਾਂ ਤੇ ਬੰਦਾ ਸਿੰਘ ਨੂੰ ਫੜਾਂ ਜਾਂ ਮਾਰਾਂ, ਤਾਂ ਬਾਦਸ਼ਾਹ ਇਸ ਉਤੇ ਕੋਈ ਅਮਲ ਕਰਨ ਦੀ ਥਾਂ ਚੁਪ ਰਿਹਾ। ਇਥੋਂ ਤਕ ਕਿ ਉਸ ਨੂੰ ਕੋਈ ਉੱਤਰ ਵੀ ਨਾ ਘਲਾਇਆ। ਬਾਦਸ਼ਾਹ ਦੇ ਇਸ ਰੁਖੇ ਤੇ ਅਯੋਗ ਵਰਤਾਉ ਨੇ ਰੁਸਤਮ ਦਿਲ ਖਾਨ ਨੂੰ



www.AKJ.Org

ਪਰੇਸ਼ਾਨ ਕਰ ਦਿਤਾ। ਉਸ ਦੀ ਵਫ਼ਾਦਾਰੀ ਵਿਚ ਤਾਂ ਕੋਈ ਫਰਕ ਨਹੀਂ ਸੀ ਆਇਆ। ਨਾ ਹੀ ਉਸ ਪਾਸੋਂ ਕੋਈ ਐਸੀ ਅਵੱਗਿਆ ਹੋਈ ਸੀ। ਫਿਰ ਬਾਦਸ਼ਾਹ ਦਾ ਰੁਖਾਪਣ ਕਿਉਂ ? ਇਸ ਨੂੰ ਆਪਣੇ ਬਦ-ਖ਼ਾਹ ਦੀ ਡੂੰਘੀ ਚਾਲ ਸਮਝ ਕੇ ਇਕੱਲਾ ਹੀ ਲਾਹੌਰ ਵੱਲ ਤੁਰ ਆਇਆ, ਤਾਕਿ ਬਾਦਸ਼ਾਹ ਦੀ ਸੇਵਾ ਵਿਚ ਆਪ ਹਾਜ਼ਰ ਹੋ ਕੇ ਖ਼ੁਦ ਸਾਰੀ ਹਕੀਕਤ ਬਿਆਨ ਕਰੇ ਤੇ ਹੋਰ ਸੈਨਾ ਦੀ ਸਹਾਇਤਾ ਲਈ ਅਰਜ਼ ਗੁਜ਼ਾਰੇ। ਬਾਦਸ਼ਾਹ ਨੂੰ ਉਸ ਦੇ ਜਮੂੰ ਵਲੋਂ, ਫ਼ੌਜ ਨੂੰ ਪਿਛੇ ਛਡ, ਤੁਰ ਆਉਣ ਦੀ ਖ਼ਬਰ ਮਿਲ ਚੁਕੀ ਸੀ। ਇਸ ਨਾਲ ਬਾਦਸ਼ਾਹ ਨੂੰ ਹੋਰ ਚਿਪ ਚੜ੍ਹੀ। ਸੋ ਬਹਾਦਰ ਸ਼ਾਹ ਨੇ ਹਮੀਦੁ-ਦੀਨ ਨੂੰ ਹੁਕਮ ਦਿਤਾ ਕਿ ਰੁਸਤਮ ਦਿਲ ਖਾਨ ਨੂੰ ਬਾਦਸ਼ਾਹੀ ਲਸ਼ਕਰ ਵਿਚ ਨਾ ਵੜਨ ਦਿਤਾ ਜਾਵੇ। ਪਰ ਜਦ ਉਸ ਨੂੰ ਦਸਿਆ ਗਿਆ ਕਿ ਉਹ ਤਾਂ ਅੱਗੇ ਹੀ ਲਾਹੌਰ ਆਇਆ ਹੋਇਆ ਹੈ ਅਤੇ ਇਸ ਵੇਲੇ ਆਪਣੀ ਹਵੇਲੀ ਵਿਚ ਹੈ, ਬਾਦਸ਼ਾਹ ਬਹੁਤ ਗ਼ਜ਼ਬਨਾਕ ਹੋਇਆ ਤੇ ਹੁਕਮ ਦਿਤਾ ਕਿ ਉਸ ਦਾ ਘਰ ਘਾਟ ਜ਼ਬਤ ਕਰ ਲਿਆ ਜਾਏ ਅਤੇ ਜੇ ਅਗੋਂ ਕੋਈ ਊਚ ਨੀਚ ਕਰੇ ਤਾਂ ਜਾਨੋਂ ਮਾਰ ਦਿਤਾ ਜਾਏ। ੨੨ ਅਗਸਤ (੧੯ ਰਜਬ) ਨੂੰ ਜਦ ਸਰਕਾਰੀ ਅਫ਼ਸਰ ਬਾਦਸ਼ਾਹ ਦਾ ਹੁਕਮ ਲੈ ਕੇ ਗਏ ਤਾਂ ਰੁਸਤਮ ਦਿਲ ਖਾਨ ਅਗੋਂ ਲੜਨ ਨੂੰ ਤਿਆਰ ਹੋ ਪਿਆ। ਅਫ਼ਸਰਾਂ ਨੇ ਉਸ ਨੂੰ ਜ਼ੋਰ ਨਾਲ ਕਾਬੂ ਕਰ ਲਿਆ, ਪਰ ਜਾਨੋਂ ਨਾ ਮਾਰਿਆ। ਜਦ ਬਾਦਸ਼ਾਹ ਨੂੰ ਇਹ ਖ਼ਬਰ ਦੇ ਕੇ ਅਗਲਾ ਹੁਕਮ ਪੁਛਿਆ ਗਿਆ ਤਾਂ ਉਸ ਨੇ ਹੁਕਮ ਦੇ ਦਿਤਾ ਕਿ ਰੁਸਤਮ ਦਿਲ ਖਾਨ ਦੇ ਹਥਕੜੀਆਂ ਤੇ ਪੈਰੀਂ ਬੇੜੀਆਂ ਪਾ ਕੇ ਸ਼ਾਹੀ ਕਿਲ੍ਹੇ ਵਿਚ ਕੈਦ ਕਰ ਦਿਤਾ ਜਾਵੇ। ਉਸ ਦਾ ਘਰ ਘਾਟ ਅਤੇ ਮਾਲ ਅਸਬਾਬ ਸਭ ਜ਼ਬਤ ਕਰ ਲਿਆ ਜਾਏ। ਉਸ ਦੀ ਆਲੀਸ਼ਾਨ ਹਵੇਲੀ, ਜੋ ਸ਼ਾਹੀ ਮਹੱਲ ਨਾਲੋਂ ਘਟ ਨਹੀਂ ਸੀ, ਸਰਬਰਾਹ ਖਾਨ ਕੋਤਵਾਲ ਨੂੰ ਦੇ ਦਿਤੀ ਜਾਏ। ਬਾਦਸ਼ਾਹ ਨੂੰ ਭਾਵੇਂ ਮੁਹੰਮਦ ਅਮੀਨ ਖਾਨ ਨੇ ਪਹਿਲਾਂ ਹੀ ਭੜਕਾਇਆ ਹੋਇਆ ਸੀ, ਪਰ ਰੁਸਤਮ ਦਿਲ ਖਾਨ ਦੇ, ਬਿਨਾਂ ਸ਼ਾਹੀ ਹੁਕਮ ਦੇ, ਫ਼ੌਜ ਜਮੂੰ ਛੱਡ ਕੇ ਆਪਣੀ ਮਰਜ਼ੀ ਨਾਲ ਲਾਹੌਰ ਆ ਜਾਣ ਕਾਰਨ ਬਾਦਸ਼ਾਹ ਦੇ ਗੁਸੇ ਦੀ ਸਿਖਰ ਹੋ ਗਈ ਤੇ ਆਪਣੇ ਉਘੇ ਜਰਨੈਲ ਵਿਰੁਧ ਏਡੇ ਕਰੜੇ ਹੁਕਮ ਦੇ ਦਿਤੇ।

ਰੁਸਤਮ ਦਿਲ ਖਾਨ ਬੜਾ ਬਹਾਦਰ, ਮੁਹਿੰਮਾਂ ਦਾ ਹੰਢਿਆ ਪਰਖਿਆ, ਬੜੇ ਸਾਊ ਤੇ ਖੁਲਾਸੇ ਸੁਭਾਉ ਵਾਲਾ ਸਰਦਾਰ ਸੀ। ਸਰਕਾਰੀ ਅਫ਼ਸਰ ਜਦ ਉਸ ਨੂੰ ਬੇੜੀਆਂ ਪਾਈ ਕਿਲ੍ਹੇ ਵਲ ਲਈ ਜਾ ਰਹੇ ਸਨ ਤਾਂ ਰਸਤੇ ਵਿਚ ਕਈ ਲੋਕਾਂ ਨੇ, ਜੋ ਉਸ ਦੇ ਹਥੋਂ ਕਿਸੇ ਕਾਰਨ ਦੁਖੀ ਸਨ, ਉਸ ਨੂੰ ਗਾਲ੍ਹਾਂ ਕਢੀਆਂ, ਉਸ ਵਲ ਨਫ਼ਰਤ ਨਾਲ ਥੁਕਿਆ ਤੇ ਘਟੇ ਦੇ ਬੁਕ ਭਰ ਭਰ ਉਸ ਉਤੇ ਸੁਟੇ। ਪਰ ਉਹ ਆਪਣੇ ਖੁਲ੍ਹੇ ਖੁਲਾਸੇ ਤੇ ਬੇਪਰਵਾਹ ਸੁਭਾਉ ਅਨੁਸਾਰ ਬਿਲਕੁਲ ਘਬਰਾਇਆ ਨਹੀਂ। ਸਗੋਂ ਆਪਣੇ ਉਨ੍ਹਾਂ ਅਫ਼ਸਰਾਂ, ਜਿਨ੍ਹਾਂ ਉਸ ਨੂੰ ਫੜਿਆ ਹੋਇਆ ਸੀ, ਤੇ ਉਸ ਨਾਲ ਹੀ ਹਾਥੀ ਤੇ ਸਵਾਰ ਸਨ, ਨਾਲ ਹਾਸਾ ਠਠਾ ਕਰਦਾ ਰਿਹਾ। ਅਗੇ ਜਾ ਕੇ ਰਾਹ ਵਿਚ ਇਕ ਪਾਸੇ ਖੜੋਤਿਆਂ ਬੰਦਿਆਂ ਚੋਂ ਕਿਸੇ ਮਨਚਲੇ ਨੇ ਉਚੀ ਸਾਰੀ ਸੁਣਾ ਕੇ ਆਖਿਆ : "ਦੱਲਾ ! ਦੱਲਾ !" ਇਸ ਵੇਲੇ ਇਸਲਾਮ ਖਾਨ ਦੂਜੇ ਹਾਥੀ ਤੇ ਸਵਾਰ ਹੋਇਆ ਪਿਛੇ ਪਿਛੇ ਆ ਰਿਹਾ ਸੀ। ਰੁਸਤਮ ਦਿਲ ਖਾਨ ਨੇ ਓਸੇ ਬੇਪਰਵਾਹੀ ਨਾਲ ਉਨ੍ਹਾਂ ਵਲ ਮਾੜਾ ਜਿਹਾ ਤੱਕਿਆ ਤੇ ਕਹਿਣ ਲੱਗਾ, "ਭਈ ! ਤੁਹਾਡਾ ਕਿਸ ਤੋਂ ਮਤਲਬ ਹੈ ? ਅਗਲਾ ਦੱਲਾ ਜਾਂ ਪਿਛਲਾ ਦੱਲਾ ?"

ਰੁਸਤਮ ਦਿਲ ਖਾਨ ਉਤੇ ਸ਼ਾਹੀ ਕਹਿਰ ਨਾਜ਼ਲ ਹੋ ਚੁਕਿਆ ਸੀ। ਉਸ ਦਾ ਮੀਰ ਤੋਜ਼ਕ ਦਾ ਅਹੁਦਾ ਇਸਲਾਮ ਖਾਨ ਨੂੰ ਦਿਤਾ ਗਿਆ ਅਤੇ ਇਨਾਇਤੁੱਲਾ ਖਾਨ ਖਾਨਿ-ਸਾਮਾਂ ਨੂੰ ਹੁਕਮ ਹੋਇਆ ਕਿ ਉਸ ਦੀ ਕੁਲ ਜਾਇਦਾਦ ਜ਼ਬਤ ਕਰ ਲਈ ਜਾਏ। ਰੁਸਤਮ ਦਿਲ ਖਾਨ ਦੇ ਜ਼ਬਤ ਹੋਏ ਮਾਲ ਮਤਾਅ 'ਚੋਂ ਜੋ ਮਿਲਿਆ ਉਹ ਇਸ ਪ੍ਰਕਾਰ ਸੀ : ੫੦੦ ਸੋਨੇ ਦੀਆਂ ਅਸ਼ਰਫ਼ੀਆਂ, ਇਕ ਲਖ ਛਤੀ ਹਜ਼ਾਰ ਚਾਂਦੀ ਦੇ ਰੁਪਏ, ੭੦ ਘੋੜੇ, ੧੮ ਊਠ, ਕੁਝ ਹੀਰੇ ਜਵਾਹਰਾਤ ਅਤੇ ੪੦ ਗਡੇ ਤੰਬੂਆਂ ਦੇ। ਇਨ੍ਹਾਂ ਤੋਂ ਇਲਾਵਾ ਇਕ ਹਵੇਲੀ। ੨੨ ਨਵੰਬਰ ਨੂੰ ਬਾਦਸ਼ਾਹ ਦੀ ਖਿਦਮਤ ਵਿਚ ਅਰਜ਼ ਹੋਈ ਕਿ ਰੁਸਤਮ ਦਿਲ ਖਾਨ ਦਾ ਵੱਡਾ ਭਾਈ ਸਿਕੰਦਰ ਖਾਨ ਕਾਂਗੜੇ ਦਾ ਕਿਲ੍ਹੇਦਾਰ ਮਰ ਗਿਆ ਹੈ, ਰੁਸਤਮ ਦਿਲ ਖਾਨ ਦੀ ਹਾਲਤ ਉਤੇ ਹਮਦਰਦੀ ਨਾਲ ਗ਼ੌਰ


www.AKJ.Org

ਕੀਤਾ ਜਾਏ। ਰੁਸਤਮ ਦਿਲ ਖਾਨ ਨੂੰ ਕੈਦ ਹੋਏ ਨੂੰ ਤਿੰਨਾਂ ਮਹੀਨਿਆਂ ਤੋਂ ਵਧ ਸਮਾਂ ਹੋ ਗਿਆ ਸੀ। ਏਨੇ ਕੁ ਵਕਫ਼ੇ ਵਿਚ ਬਾਦਸ਼ਾਹ ਦਾ ਉਸ ਵਿਰੁਧ ਗੁੱਸਾ ਵੀ ਠੰਡਾ ਹੋ ਰਿਆ ਸੀ। ਉਸ ਦੇ ਮਨ ਵਿਚ ਵੀ ਉਸ ਦੀ ਪਿਛਲੀ ਸੇਵਾ ਵਜੋਂ ਰਹਿਮ ਤੇ ਮੁਆਫ਼ੀ ਦੀ ਲਹਿਰ ਜਾਗ ਪਈ। ਕੰਨਾਂ ਦੇ ਕਚਿਆਂ ਨੂੰ ਗੁੱਸਾ ਚੜ੍ਹਨ ਉਤਰਨ ਲਗਿਆਂ ਦੇਰ ਨਹੀਂ ਲਾਉਂਦਾ। ਬਾਦਸ਼ਾਹ ਨੇ ਰੁਸਤਮ-ਦਿਲ ਖਾਨ ਦੀ ਰਿਹਾਈ ਦਾ ਹੁਕਮ ਦੇ ਦਿਤਾ, ਗਜ਼ਨਫ਼ਰ ਖਾਨ ਦਾ ਖ਼ਿਤਾਬ (ਉਪਾਧੀ) ਬਖ਼ਸ਼ਿਆ ਤੇ ਉਸ ਦੇ ਭਰਾ ਦੇ ਅਹੁਦੇ ਤੇ ਕਾਂਗੜੇ ਦਾ ਕਿਲ੍ਹੇਦਾਰ ਨਿਯੁਕਤ ਕਰ ਕੇ ਉਥੇ ਭੇਜ ਦਿਤਾ। ਮੁਹੰਮਦ ਅਮੀਨ ਖਾਨ ਸਿਖਾਂ ਦੀ ਸੁਧਾਈ ਲਈ ਪਹਾੜਾਂ ਵ੍ਰਿਚ ਹੀ ਰਿਹਾ। ਬਹੁਤ ਯਤਨ ਕੀਤੇ ਪਰ ਕੋਈ ਖ਼ਾਸ ਸਫਲਤਾ ਨਾ ਪ੍ਰਾਪਤੀ ਹੋਈ।

**ਬਾਦਸ਼ਾਹ ਦਾ ਲਾਹੌਰ ਪੁਜਣਾ, ਪਾਗਲ ਹੋਣਾ, ਮੌਤ, ਅਤੇ ਪਿਛੋਂ ਦੇ ਹਾਲਾਤ–**

ਬਾਦਸ਼ਾਹ ਆਪਣੇ ਜਾਹੋ ਜਲਾਲ ਨਾਲ, ਸ਼ਾਹੀ ਚਾਲੇ, ਬੰਦਾ ਸਿੰਘ ਵਿਰੁਧ ਮੁਹਿੰਮ ਸਰ ਕਰਨ ਲਈ, ਫੋਜ ਦੇ ਕੇ ਜਰਨੈਲਾਂ [ਰੁਸਤਮ ਦਿਲ ਖਾਨ, ਮੁਹੰਮਦ ਅਮੀਨ ਖਾਨ, ਈਸਾ ਖਾਨ ਮੰਝ, ਅਗਰ ਖਾਨ (ਅਸਗਰ ਖਾਨ ?) ਆਦਿ] ਦੇ ਪਿਛੇ ਪਿਛੇ ਲਾਹੌਰ ਵਲ ਆ ਰਿਹਾ ਸੀ। ਲਾਹੌਰ ਡੇਰਾ ਲਾ, ਮੁਹਿੰਮ ਤੇਜ਼ ਕਰ ਕੇ ਸਿਖਾਂ ਨੂੰ ਬਿਲਕੁਲ ਖ਼ਤਮ ਕਰਨ ਦਾ ਤਹੱਈਆ ਕੀਤਾ ਹੋਇਆ ਸੀ। ਬਾਦਸ਼ਾਹ ੧੧ ਅਗਸਤ ਸੰਨ ੧੭੧੧ ਈ: (੨੭ ਜਮਾਦੀ-ਉ-ਸਾਨੀ ੧੧੨੩ ਹਿਜਰੀ), (ਪੰਜ ਬਹਾਦਰ-ਸ਼ਾਹੀ ਸੰਨ ਜਲੂਸ ਮੇਮਨਤ, ਭਾਂਵ, ਬਹਾਦਰ ਸ਼ਾਹ ਨੂੰ ਤਖ਼ਤ ਤੇ ਬੈਠਿਆਂ ੫ ਸਾਲ ਹੋ ਗਏ ਸਨ) ਨੂੰ ਲਾਹੌਰ ਪੁਜਾ ਸੀ। ਉਸ ਨੇ ਆਪਣਾ ਉਤਾਰਾ ਸ਼ਾਹੀ ਕਿਲ੍ਹੇ ਵਿਚ ਕਰਨ ਦੀ ਥਾਂ ਰਾਵੀ ਦੇ ਕੰਢੇ ਪਿੰਡ ਆਹਲੂਵਾਲਾ[4] ਦੇ ਪਾਸ ਕੀਤਾ ਤੇ ਇਥੇ ਟਿਕਿਆ। ਸ਼ਹਿਜ਼ਾਦਾ ਅਜ਼ੀਮੁਦੀਨ ਅਜ਼ੀਮੁਸ਼ਾਨ ਨੇ ਅਵਾਨ ਪਿੰਡ ਲਾਗੇ ਆਪਣਾ ਡੇਰਾ ਲਾਇਆ ਤੇ ਡੇਰੇ ਦੇ ਚਾਰ ਚੁਫੇਰੇ ਖ਼ਜ਼ਾਨੇ ਤੇ ਹੋਰ ਭਾਰ ਵਾਲੇ ਗਡੇ ਖੜੇ ਕਰ ਕੇ ਵਲਗਣ ਵਗਲ ਲਈ। ਸ਼ਹਿਜ਼ਾਦਾ ਮੁਹੰਮਦ ਮੁਅੱਜ਼ਦੀਨ ਦਾ ਡੇਰਾ ਪਰਵੇਜ਼ਾਬਾਦ ਮੰਡੀ ਦੇ ਲਾਗੇ ਸੀ, ਰਫੀ-ਉ-ਸਾਨ ਦਾ ਦਰਿਆ ਰਾਵੀ ਦੇ ਕੰਢੇ ਧਰਮੂ ਦੇ ਬਾਗ ਪਾਸ ਤੇ ਚੌਥੇ ਮੁਹੰਮਦ ਜਹਾਨ ਸ਼ਾਹ ਦਾ ਡੇਰਾ ਸ਼ਾਹ ਮੀਰ ਖੁਸ਼ ਦੇ ਮੈਦਾਨ ਵਿਚ ਲੱਗਾ। ਐਸ ਵੇਲੇ ਹਿੰਦੁਸਤਾਨ ਦਾ ਬਾਦਸ਼ਾਹ ਸਿੰਘਾਂ ਦੇ ਬੜਾ ਸਖ਼ਤੀ ਨਾਲ ਵਿਰੁਧ ਸੀ। ਉਸ ਦੀ ਇਹ ਮੁਹਿੰਮ ਇਕ ਵੱਡੇ ਪੈਮਾਨੇ ਤੇ ਜਹਾਦ ਸੀ, ਤੇ ਗ਼ਾਜ਼ੀ ਦੀ ਪਦਵੀ ਦੀ ਪ੍ਰਾਪਤੀ ਦੇ ਆਸ਼ੇ ਨਾਲ ਬੰਦਾ ਸਿੰਘ ਦੇ ਵਿਰੁਧ ਮੁਹਿੰਮ ਦੀ ਅਗਵਾਈ ਕਾਰਨ ਪੰਜਾਬ ਵਲ ਚੜ੍ਹ ਕੇ ਆਇਆ ਸੀ। ਇਸ ਲਈ ਬਾਦਸ਼ਾਹ ਦੇ ਸਿਖਾਂ ਵਿਰੁਧ ਚੜ੍ਹ ਕੇ ਆਉਣ ਦੀਆਂ ਖ਼ਬਰਾਂ ਸੁਣ ਕੇ ਹੀ ਲਾਹੌਰ ਦੇ ਕਟੜ-ਪੰਥੀ ਮੁਸਲਮਾਨ ਕੂਏ ਆ ਗਏ ਤੇ ਹੱਦ-ਬੰਨੇ ਤੋਂ ਬਾਹਰ ਹੋ ਤੁਰੇ। ਹੁਣ ਲਾਹੌਰ ਵਿਚ ਵਸਦੇ ਸਿਖਾਂ ਦੇ ਸਿਰਾਂ ਤੇ ਆਫ਼ਤ ਆ ਗਈ। [ਚਲਦਾ]

## ਹਵਾਲੇ ਤੇ ਫੁਟਨੋਟ

1. ਕਰਨਲ ਬਰਿਗਜ਼ ਨੇ ਸੈਰੁਲ-ਮੁੱਤਾਖ਼ਰੀਨ ਦੇ ਅੰਗਰੇਜ਼ੀ ਤਰਜਮੇ ਵਿਚ ਇਸ ਦਾ ਨਾਉਂ ਅਸਗਰ ਖਾਨ ਦਿਤਾ ਹੋਇਆ ਹੈ।–(ਲਾਈਫ਼ ਆਫ਼ ਬੰਦਾ ਸਿੰਘ ਲਿਖਤ ਡਾ. ਗੰਡਾ ਸਿੰਘ–ਪੰਨਾ ੧੬੬, ਫ਼ੁਟਨੋਟ ੨੫.)
2. 1. ਸੱਯਦ ਗੁਲਾਮ ਹੁਸੈਨ, ਸੈਰੁਲ-ਮਤਾਖਰੀਨ, ੪੦੨, ਇਹ ਫ਼ਾਰਸੀ ਵਿਚ ਹੈ)
   2. ਰੇਮਾਂਡ ਵਲੋਂ ਉਲਥਾ-ਪੰਨਾ ੮੭ –ਅੰਗਰੇਜ਼ੀ ਉਲਥਾ-ਉਪਰਲੀ ਕਿਤਾਬ ਦਾ
   3. ਇਸੇ ਦਾ ਬਰਿਗਜ਼ ਵਲੋਂ ਉਲਥਾ–ਪੰਨਾ ੭੬–ਅੰਗਰੇਜ਼ੀ ਉਲਥਾ ,, ,,
   4. ਦਾਨਿਸ਼ਵਰ ਖਾਨ–ਮਿਫਤਾਹ-ਉਲ-ਤਵਾਰੀਖ਼, ਪੰਨਾ ੩੯੭ (ਫਾਰਸੀ ਵਿਚ)
3. 1. ਵਿਲੀਅਮ ਇਰਵਿਨ–ਲੇਟ ਮੁਗ਼ਲਜ਼ (ਅੰਗਰੇਜ਼ੀ) ਭਾਗ 1, ਪੰਨਾ ੧੧੯.
   2 ਕਾਮਵਰ ਖਾਨ–ਤਜ਼ਕਰਾ ਅੱਸਲਾਤੀਨ ਚੁਗ਼ਤਾਈਆਂ, ਪੰਨਾ ੧੫੧-ਅ
   3. ਮੁਹੰਮਦ ਕਾਸਮ–ਇਬਰਤ-ਨਾਮਾ, ਪੰਨਾ ੨੫
4. ਕੁਝ ਲਿਖਾਰੀਆਂ ਨੇ ਇਸ ਪਿੰਡ ਦਾ ਨਾਮ ਅੰਵਾਲਾ ਜਾ ਆਂਨ ਵਾਲਾ ਵੀ ਲਿਖਿਆ ਹੈ।


www.AKJ.Org

# ਸਿਖ ਅਰਦਾਸ ਦੀ ਵਿਸ਼ੇਸ਼ਤਾ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਸਿਖ ਅਰਦਾਸ ਬੜੀ ਵਿਚਿਤ੍ਰ ਰਚਨਾ ਹੈ। ਇਹ ਇਕੋ ਵੇਲੇ ਪ੍ਰਾਰਥਨਾ ਵੀ ਹੈ, ਪ੍ਰੇਰਨਾ ਵੀ ਤੇ ਪ੍ਰਤਗਿਆ ਵੀ। ਇਹ ਯਾਚਨਾ-ਪੂਰਕ ਘੱਟ ਹੈ, ਮਹਿਮਾ-ਪੂਰਕ ਵਧੇਰੇ। ਮਹਿਮਾ ਇਸ ਵਿਚ ਪਹਿਲੋਂ ਹੈ, ਯਾਚਨਾ ਮਗਰੋਂ। ਯਾਚਨਾ ਵੀ ਪਹਿਲੋਂ ਸਮੂਹਕ ਹੈ, ਪਿਛੋਂ ਨਿੱਜੀ; ਸਮੂਹਕ ਲਾਜ਼ਮੀ ਹੈ, ਨਿੱਜੀ ਅਖ਼ਤਿਆਰੀ।

ਸਭ ਤੋਂ ਪ੍ਰਥਮ, ਇਹ ਸਾਡੇ **ਅਕੀਦੇ ਦਾ ਐਲਾਨ** ਹੈ। ਸਿਖ ਧਰਮ ਵਿਚ 'ਪ੍ਰਥਮ ਗੱਲ ਪ੍ਰਥਮ' ਦੀ ਪ੍ਰਥਾ ਜਾਪਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਇਕ ਵਿਸ਼ੇਸ਼ਤਾਈ ਇਹ ਹੈ ਕਿ ਇਸ ਵਿਚ ਬੁਨਿਆਦੀ ਗੱਲ ਸਭ ਤੋਂ ਪਹਿਲਾਂ ਕਹੀ ਗਈ ਹੈ। ਇਸ ਧਰਮ-ਪੁਸਤਕ ਦਾ '੧ਓ ਸਤਿਨਾਮੁ' ਤੋਂ ਅਰੰਭ ਹੋਣਾ ਸਿਖ ਧਰਮ ਦੇ ਇਕੀਸ਼ਰ-ਵਾਦ ਦੀ ਨਿਰਸੰਦੇਹ ਘੋਸ਼ਨਾ ਹੈ। ਇਵੇਂ ਹੀ ਅਰਦਾਸ ਦਾ '੧ਓ ਵਾਹਿਗੁਰੂ ਜੀ ਕੀ ਫਤਹ' ਤੋਂ ਸ਼ੁਰੂ ਹੋਣਾ ਵੀ ਇਸੇ ਅਕੀਦੇ ਦਾ ਐਲਾਨ ਹੈ। ਏਹੋ ਸਿੱਖੀ ਦਾ ਮੂਲ ਵਿਸ਼ਵਾਸ ਹੈ।

ਅਰਦਾਸ ਵਿਚ ਧਿਆਇਆ ਦਸਾਂ ਗੁਰੂ ਸਾਹਿਬਾਂ ਨੂੰ ਵੀ ਗਿਆ ਹੈ, ਪਾਠ-ਦੀਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵੀ ਮਨ ਵਿਚ ਪਰਸੇ ਜਾਂਦੇ ਹਨ, ਯਾਦ ਸ਼ਹੀਦਾਂ ਨੂੰ ਵੀ ਕੀਤਾ ਜਾਂਦਾ ਹੈ, ਪਰ ਹਰ ਵਾਰ 'ਧਿਆਨ ਧਰ ਕੇ' ਵਾਹਿਗੁਰੂ ਬੋਲਣ ਦਾ ਆਦੇਸ਼ ਇਸ ਗੱਲ ਦਾ ਲਖਾਇਕ ਹੈ ਕਿ ਜੁੜਨਾ ਕੇਵਲ ਵਾਹਿਗੁਰੂ ਨਾਲ ਹੈ। ਸਰਬੱਤ ਖ਼ਾਲਸਾ ਜੀ ਵਲੋਂ ਵੀ ਜਦ ਯਾਚਨਾ ਅਰੰਭੀ ਜਾਂਦੀ ਹੈ ਤਾਂ ਵੀ ਪਹਿਲੀ ਮੰਗ ਏਹੋ ਮੰਗੀ ਜਾਂਦੀ ਹੈ ਕਿ "ਸਰਬੱਤ ਖ਼ਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਨਾਮ ਚਿਤ ਆਵੈ..."। ਬਾਕੀ ਸਭ ਯਾਚਨਾਵਾਂ ਮਗਰੋਂ ਆਉਂਦੀਆਂ ਹਨ। ਅਰਦਾਸ ਸਮਾਪਤ ਹੋਣ ਤੋਂ ਪਹਿਲਾਂ ਵੀ ਇਹ ਯਾਚਨਾ ਹੁੰਦੀ ਹੈ ਕਿ "ਹੇ ਦਾਤਾਰ ਜੀ! ਸੇਈ ਗੁਰਮੁਖ ਪਿਆਰੇ ਮੇਲੋ, ਜਿਨ੍ਹਾਂ ਮਿਲਿਆਂ ਆਪ ਦਾ ਪਰਮ ਪਵਿੱਤਰ ਨਾਮ ਵਾਹਿਗੁਰੂ ਚਿਤ ਆਵੇ।" ਇਉਂ ਅਰਦਾਸ ਬਾਰ ਬਾਰ ਸਾਨੂੰ ਸਾਡਾ ਇਕੀਸ਼ਰਵਾਦੀ ਨਿਸਚਾ ਦ੍ਰਿੜ੍ਹ ਕਰਾਉਂਦੀ ਹੈ ਤੇ ਇਕੋ ਨਿਰਗੁਣ-ਸਰਗੁਣ ਅਪਰੰਪਰ-ਵਿਆਪਕ ਨਿਰੰਕਾਰ-ਓਅੰਕਾਰ ਨੂੰ ਸੰਬੋਧਨ ਹੁੰਦੀ ਹੈ।

ਅਰਦਾਸ ਰਾਹੀਂ ਹਰ ਸਿਖ ਦੂਜੇ ਹਰ ਸਿਖ ਨਾਲ ਇਕੀਸ਼ਰਵਾਦ ਦੇ ਰਿਸ਼ਤੇ ਵਿਚ ਬੱਝ ਜਾਂਦਾ ਹੈ। ਦਸਾਂ ਗੁਰੂ ਸਾਹਿਬਾਂ ਤੇ ਸ਼ਬਦ-ਗੁਰੂ 'ਤੇ ਨਿਸਚਾ ਪ੍ਰਪੱਕ ਕਰ, ਆਪਣੇ ਸਹਿ-ਧਰਮੀਆਂ ਦੀ ਨੇੜਤਾ ਮਾਣਦਾ ਹੈ। ਪੰਥ ਦੀ ਕਮਾਈ ਨੂੰ ਚੇਤੇ ਕਰ, ਆਪਣੇ ਆਪ ਨੂੰ ਪੰਥਕ ਕਮਾਈ ਦੇ ਗੌਰਵ ਨਾਲ ਜੋੜਦਾ ਹੈ। ਸਮੂਹਕ ਆਕਾਂ-ਖਿਆਵਾਂ ਲਈ ਜੋਦੜੀ ਕਰ, ਕੌਮੀ ਸਾਂਝੀਵਾਲਤਾ ਦਾ ਅਨੁਭਵ ਦ੍ਰਿੜ੍ਹ ਕਰਦਾ ਹੈ। ਪੰਥ ਦੀਆਂ ਸੰਸਥਾਵਾਂ——ਤਖ਼ਤਾਂ, ਗੁਰਦੁਆਰਿਆਂ, ਚਉਕੀਆਂ, ਝੰਡਿਆਂ, ਬੁੰਗਿਆਂ—ਨੂੰ ਚਿਤਵ ਕੇ ਸਾਂਝੇ ਵਰਦਾਨ ਤੇ ਸਾਂਝੀ ਚੜ੍ਹਦੀ ਕਲਾ ਮੰਗਦਾ ਹੈ। ਇਉਂ ਅਰਦਾਸ ਕੌਮੀ ਏਕਤਾ ਦੀ ਸੰਸਥਾ ਹੈ, ਜਿਸ ਦਾ ਉਦੇਸ਼ 'ਜੋੜਨਾ' ਹੈ। ਇਹ ਅਰਦਾਸ ਦੀ ਮਨੋ-ਵਿਗਿਆਨਕ ਵਿਸ਼ੇਸ਼ਤਾ ਹੈ ਕਿ ਉਹ ਹਰ ਸਿਖ ਨੂੰ ਆਪਣੇ ਗੁਰ-ਭਾਈਆਂ ਨਾਲ ਸਾਂਝ ਪਾਉਣ ਤੇ ਪਾਲਣ ਦੀ ਪ੍ਰੇਰਨਾ ਦਾਂਦੀ ਹੈ।

ਸਮੁੱਚੇ ਸਿਖ ਭਾਈਚਾਰੇ ਦੀ ਨਿਸ਼ਠਾ ਭਰੀ ਆਸਤਾ ਤੇ ਭਾਵੁਕ ਏਕਤਾ ਸਾਡੀ ਅਰਦਾਸ ਦੀ ਮੁਦ੍ਰਾ ਹੈ। ਨਿੱਜੀ ਵਿਸਾਹ ਤੋਂ ਸਮੂਹਕ ਭਰੋਸੇ ਤਕ ਦੇ ਸਿਖ ਵਿਸ਼ਵਾਸ ਦੀ ਛਾਪ ਇਸ ਵਿਚ ਮੌਜੂਦ ਹੈ। **ਸਮੁੱਚੇ ਪੰਥ ਦੀ ਆਤਮਕ ਚੇਤਨਾ** 'ਚੋਂ ਜਾਗੀ ਸਰਬ ਸਾਂਝੀ ਆਤਮਕ ਅਭਿਲਾਖਾ ਦੇ ਇਸ ਵਿਚ ਝਲਕਾਰੇ ਹਨ। ਕੌਮ ਦੇ ਨਿਰਮਲ ਕਿਰਦਾਰ ਦੀ ਅਵਿਰਲ ਇਤਿਹਾਸਕ ਗਤੀ ਇਸ ਦਾ ਨੀਸਾਣ ਹੈ। ਇਤਿਹਾਸਕ ਹੁੰਦੀ ਹੋਈ ਵੀ ਇਹ ਨ ਕਿਸੇ ਕਾਲ ਥਿਤਿ ਨਾਲ ਜੁੜਦੀ ਹੈ, ਨ ਸਥਾਨ ਦੀਆਂ ਰੰਗਣਾਂ ਸ੍ਵੀਕਾਰ ਕਰਦੀ ਹੈ, ਨਾ ਪਾਤ੍ਰਾਂ ਨੂੰ ਪੇਸ਼ ਕਰਦੀ ਹੈ। ਇਸ ਵਿਚ ਇਤਿਹਾਸਕ ਕਿਰਦਾਰਾਂ ਨੂੰ ਨਹੀਂ, ਇਤਿਹਾਸਕ ਗੌਰਵ ਨੂੰ ਉਘਾੜਿਆ ਗਿਆ ਹੈ। ਇਹ ਤਾਂ ਕੌਮੀ ਇਤਿਹਾਸ 'ਚੋਂ ਪ੍ਰਾਪਤ ਹੋਣ ਵਾਲੇ ਪ੍ਰਕਾਸ਼ ਤੇ ਆਤਮ-ਵਿਸ਼ਵਾਸ ਦੀ ਪ੍ਰੇਰਨਾ-ਸ੍ਰੋਤ ਦਸਤਾਵੇਜ਼ ਹੈ।


www.AKJ.Org

ਅਰਦਾਸ ਵਿਚਲਾ **ਇਕ ਇਕ ਅੱਖਰ ਪਹਿਲਾਂ ਜੀਵਿਆ ਗਿਆ** ਹੈ। ਨਾਮ ਜਪਿਆ ਗਿਆ ਹੈ, ਵੰਡ ਕੇ ਛਕਿਆ ਗਿਆ ਹੈ, ਦੇਗ ਚਲਾਈ ਗਈ ਹੈ, ਤੇਗ ਵਾਹੀ ਗਈ ਹੈ, ਵੇਖ ਕੇ ਅਣਡਿਠ ਕੀਤਾ ਗਿਆ ਹੈ, ਭਾਣੇ ਨੂੰ ਮਿੱਠਾ ਕਰ ਕੇ ਮੰਨਿਆ ਗਿਆ ਹੈ। ਤਾਂ ਹੀ ਐਸੇ ਜਪੀਆਂ-ਤਪੀਆਂ, ਪਿਆਰਿਆਂ-ਸੁਚਿਆਰਿਆਂ ਦੀ ਪਾਵਨ ਕਮਾਈ ਨੂੰ ਯਾਦ ਕੀਤਾ ਜਾਂਦਾ ਹੈ ਤੇ ਦ੍ਰਵੇ ਹੋਏ ਮਨ ਨਾਲ "ਵਾਹਿਗੁਰੂ" ਨੂੰ ਯਾਦ ਕੀਤਾ ਜਾਂਦਾ ਹੈ। "ਵਾਹਿਗੁਰੂ" ਦੇ ਇਹ ਬੋਲ, ਆਪਣੀ ਜ਼ਿੰਦਗੀ ਵਿਚ ਐਸੀ ਕਮਾਈ ਦੀ ਆਕਾਂਖਿਆ ਦਾ ਆਵਾਜ਼ਾ ਹਨ!

ਸਿਖ ਅਰਦਾਸ ਵਿਚ ਕੌਮ ਦੇ **ਸ਼ਹੀਦਾਂ ਦਾ ਅਭਿਨੰਦਨ** ਹੈ। ਜਿਨ੍ਹਾਂ ਬੰਦ ਬੰਦ ਕਟਵਾਏ, ਖੋਪਰੀਆਂ ਉਤਰਵਾਈਆਂ, ਆਰਿਆਂ ਨਾਲ ਤਨ ਚਿਰਵਾਏ, ਚਰਖੀਆਂ ਤੇ ਚੜ੍ਹੇ, ਪਰ ਸਿਦਕ ਨਹੀਂ ਹਾਰਿਆ, ਜਿਨ੍ਹਾਂ ਮਾਤਾਵਾਂ ਨੇ ਸਵਾ ਸਵਾ ਮਣ ਪੀਸਣ ਪੀਸੇ, ਆਪਣੇ ਬੱਚਿਆਂ ਦੇ ਟੋਟੇ ਟੋਟੇ ਕਰਵਾ, ਗਲਾਂ ਵਿਚ ਹਾਰ ਪੁਆਏ, ਪਰ ਭਾਣੇ ਨੂੰ ਮਿੱਠਾ ਕਰ ਕੇ ਮੰਨਿਆ, ਇਹਨਾਂ ਸਭਨਾਂ ਸ਼ਹੀਦਾਂ ਦਾ ਅਰਦਾਸ ਵਿਚ ਅਭਿਨੰਦਨ ਕੀਤਾ ਗਿਆ ਹੈ। ਪੰਥ ਨੇ ਕਦੇ ਆਪਣੇ ਸ਼ਹੀਦਾਂ ਨੂੰ ਨਹੀਂ ਵਿਸਾਰਿਆ; ਸਦਾ ਉਹਨਾਂ ਨੂੰ ਆਪਣੀਆਂ ਅਰਦਾਸਾਂ ਦਾ ਅੰਗ ਬਣਾਇਆ। ਉਹਨਾਂ ਨੂੰ ਸਦਾ ਆਪਣੀ ਸਿਮਰਿਤੀ ਵਿਚ ਵਸਾਇਆ। ਆਪਣੇ ਅਭਿਮਾਨ ਨਾਲ ਉਹਨਾਂ ਨੂੰ ਜੋੜਿਆ। ਸੰਕਟ ਵੇਲੇ ਉਹਨਾਂ ਤੋਂ ਪ੍ਰੇਰਨਾ ਲਈ।

ਅਰਦਾਸ ਸ਼ਹੀਦੀ ਦੀ ਆਰਸੀ ਹੀ ਨਹੀਂ, **ਸਰਬੱਤ ਖ਼ਾਲਸਾ ਜੀ ਦਾ ਜ਼ਫ਼ਰਨਾਮਾ** ਵੀ ਹੈ। ਇਸ ਵਿਚ ਸ਼ਹੀਦਾਂ ਦੀ ਯਾਦ ਤੇ ਰੁਦਨ ਨਹੀਂ, ਗੌਰਵ ਪ੍ਰਗਟ ਕੀਤਾ ਹੈ। ਸੂਰਬੀਰਾਂ ਨੂੰ ਯਾਦ ਕੀਤਾ ਹੈ। ਤੇਗ਼ ਵਾਹੁਣ ਵਾਲਿਆਂ ਨੂੰ ਆਦੇਸ਼ ਦਿਤਾ ਹੈ, ਸ੍ਰੀ ਸਾਹਿਬ ਦੀ ਸਹਾਇਤਾ ਲਈ ਹੈ, ਪੰਥ ਕੀ ਜੀਤ ਦੁਹਰਾਈ ਹੈ; ਖਾਲਸੇ ਦੇ ਬੋਲ ਬਾਲੇ ਮੰਗੇ ਹਨ, ਚੜ੍ਹਦੀ ਕਲਾ ਵਿਚ ਵਿਚਰਨ ਦਾ ਪ੍ਰਣ ਲਿਆ ਹੈ। 'ਵਾਹਿਗੁਰੂ ਜੀ ਕੀ ਫ਼ਤਹ' ਤੋਂ ਆਰੰਭ ਕਰ ਕੇ 'ਵਾਹਿਗੁਰੂ ਜੀ ਕੀ ਫ਼ਤਹ' ਤੇ ਇਸ ਨੂੰ ਸਮਾਪਤ ਕੀਤਾ ਹੈ। ਇਹ ਨੁਸਰਤ ਬੇਦਰੰਗ ਦਾ ਐਲਾਨ ਹੈ। ਇਸ ਦਾ ਅੱਖਰ ਅੱਖਰ ਖ਼ਾਲਸਾ ਜੀ ਦੇ ਪਵਿੱਤਰ ਲਹੂ ਨਾਲ ਲਿਖਿਆ ਗਿਆ। ਸੰਸਾਰ ਦੀ ਕੋਈ ਅਰਦਾਸ ਏਡੇ ਜਫਰ ਜਾਲ ਕੇ ਨਹੀਂ ਕੀਤੀ ਗਈ। ਕਿਸੇ ਹੋਰ ਅਰਦਾਸ ਪਿਛੇ ਸੂਰਮਗਤੀ ਦਾ ਏਡਾ ਜਲਾਲ ਨਹੀਂ। ਸਿਖ ਅਰਦਾਸ ਵਿਚ ਖ਼ਾਲਸੇ ਦੇ ਸਦਾ ਆਸ਼ਾਂਵਾਦੀ ਹੋਣ ਦਾ ਐਲਾਨ ਹੈ; ਜਿੱਤ ਦਾ ਵਿਸ਼ਵਾਸ ਪ੍ਰਤੱਖ ਹੈ—ਆਪਣੀ ਨਹੀਂ, ਪੰਥ ਦੀ, ਵਾਹਿਗੁਰੂ ਜੀ ਦੀ। ਇਸੇ ਲਈ ਇਸ ਵਿਚ ਧਰਮ ਦਾ ਜੈਕਾਰ ਹੈ, ਬਿਰਦ ਦੀ ਪੈਜ ਹੈ।

ਸਿਖ ਅਰਦਾਸ, ਸਿਖਾਂ ਦਾ **ਪ੍ਰਣ-ਪੱਤ੍ਰ** ਵੀ ਹੈ। ਇਸ ਵਿਚ ਮਨੁਖ ਮਾਤ੍ਰ ਦੀ ਸਾਂਝੀਵਾਲਤਾ ਤੇ ਇਸ ਦੇ ਭਲੇ ਦਾ ਪ੍ਰਣ ਹੈ। ਖ਼ਾਲਸਾ ਜੀ ਦੀ ਉਚੇਰੀ ਸਾਂਝ ਦਾ ਪ੍ਰਣ ਹੈ। ਗੁਰਧਾਮਾਂ ਦੀ ਪਵਿੱਤਰਤਾ ਤੇ ਪਹਿਰਾ ਦੇਣ ਦਾ ਪ੍ਰਣ ਹੈ; ਧਾਰਮਕ ਸੰਸਥਾਵਾਂ ਦੀ ਸਦੀਵਕਾਲ ਅਟੱਲਤਾ ਦਾ ਪ੍ਰਣ ਹੈ; ਦੁਖੀ ਦੀਨਾਂ ਦੀ ਰੱਖਿਆ ਦਾ ਪ੍ਰਣ ਹੈ; ਅਣਖ ਲਈ ਜਾਨਾਂ ਵਾਰਨ ਦਾ ਪ੍ਰਣ ਹੈ; ਸਿਰੜ ਤੇ ਪਕਿਆਂ ਰਹਿਣ ਦਾ ਪ੍ਰਣ ਹੈ। ਇਹ **ਤਿਆਰ ਬਰ ਤਿਆਰ ਰਹਿਣ ਦਾ ਐਲਾਨਨਾਮਾ** ਵੀ ਹੈ। ਰਹਿਤ ਦੀ ਪ੍ਰਪੱਕਤਾ ਦੀ ਯਾਚਨਾ ਇਸ ਵਿਚ ਹੈ। ਸੂਰਮਗਤੀ ਦੀ ਸੋਭਾ ਇਸ ਵਿਚ ਹੈ। ਸਿਦਕ ਦੀ ਵੰਗਾਰ ਇਸ ਵਿਚ ਹੈ। ਸੰਕਟ-ਨਿਵਿਰਤੀ ਦੀ ਥਾਂ, ਇਸ ਵਿਚ ਸੰਕਟ-ਸਹਿਨ-ਸ਼ੀਲਤਾ ਦੀ ਯਾਚਨਾ ਹੈ।

ਪ੍ਰਣ-ਪਤ੍ਰ ਹੋਣ ਦੇ ਨਾਲ ਨਾਲ ਅਰਦਾਸ ਸਾਡਾ **ਪ੍ਰਾਰਥਨਾ ਪਤ੍ਰ** ਵੀ ਹੈ—ਲੀਤੇ ਹੋਏ ਪ੍ਰਣ ਤੇ ਕੀਤੇ ਹੋਏ ਸੰਕਲਪ ਦੀ ਪੂਰਤੀ ਲਈ। ਸਰਬੱਤ ਖ਼ਾਲਸਾ ਜੀ ਨਾਲ ਇਕ-ਸੁਰ ਹੋ ਕੇ ਪੰਥ ਕੀ ਜੀਤ, ਤੇ ਬਿਰਦ ਕੀ ਪੈਜ ਦੀ ਬੇਨਤੀ ਹੈ। ਜਿਥੇ ਜਿਥੇ ਵੀ ਖ਼ਾਲਸਾ ਜੀ ਸਾਹਿਬ ਹਨ ਉਹਨਾਂ ਲਈ ਰਛਿਆ ਰਿਆਇਤ ਲਈਂ ਜੋਦੜੀ ਹੈ। ਸਭ ਲਈ ਸਿੱਖੀ ਮੰਗੀ ਹੈ, ਸਿਦਕ ਤੇ ਭਰੋਸਾ ਮੰਗਿਆ ਹੈ, ਵਿਸਾਹ ਤੇ ਉਮਾਹ ਮੰਗਿਆ ਹੈ, ਗੁਰਮੁਖ ਦੇ ਮੇਲ, ਸਾਧ ਕੇ ਸੰਗ, ਨਾਮ ਕੇ ਰੰਗ, ਭਜਨ ਕੇ ਪ੍ਰਤਾਪ ਲਈ ਬੇਨਤੀ ਹੈ। ਆਪਣੇ ਲਈ 'ਮਨ ਨੀਵਾਂ ਤੇ ਮਤ ਉੱਚੀ ਮੰਗੀ ਹੈ' ਤੇ ਇਸ ਮਤ ਨੂੰ ਵਾਹਿਗੁਰੂ ਜੀ ਦੀ ਸਪੁਰਦਗੀ ਵਿਚ ਦੇ ਕੇ ਵਾਹਿਗੁਰੂ ਜੀ ਦੀ ਨਿਗਾਹਬਾਨੀ



www.AKJ.Org

ਮੰਗੀ ਹੈ। ਕੌਮੀ ਪਰੰਪਰਾ ਦੀ ਸਦੀਵਕਾਲਤਾ ਤੇ ਕੌਮੀ ਅਦਾਰਿਆਂ ਦੀ ਅਟੱਲਤਾ ਮੰਗੀ ਹੈ। ਆਪਣੇ ਕੌਮੀ ਕੇਂਦਰ ਸ੍ਰੀ ਅੰਮ੍ਰਿਤਸਰ ਜੀ ਨਾਲ ਜੁੜਨ ਹਿਤ ਉਥੋਂ ਦੇ ਦਰਸ਼ਨ ਇਸ਼ਨਾਨ ਮੰਗੇ ਹਨ। ਅਤੇ ਸਭ ਦਾਨਾਂ ਦੇ ਸ਼ੁਮਣੀ ਦਾਨ, ਨਾਮ ਦਾਨ, ਲਈ ਯਾਚਨਾ ਕੀਤੀ ਹੈ।

ਅਰਦਾਸ ਵਿਚ ਨਾਮ ਸਿਮਰਨ ਲਈ ਕੇਵਲ ਬੇਨਤੀ ਹੀ ਨਹੀਂ, ਇਹ **ਨਾਮ ਸਿਮਰਨ ਦਾ ਮਾਧਿਅਮ** ਵੀ ਹੈ। ਬਾਰ ਬਾਰ "ਵਾਹਿਗੁਰੂ" ਬੁਲਵਾ ਕੇ ਸਾਂਝੀ ਅਰਦਾਸ ਸਾਨੂੰ ਸਿਮਰਨ ਦੀ ਸਾਧਨਾ ਵਿਚ ਜੋੜਦੀ ਹੈ। 'ਵਾਹਿਗੁਰੂ ! ਵਾਹਿਗੁਰੂ !! ਵਾਹਿਗੁਰੂ !!!' ਚਿਤ ਆਵਣ ਦੀ ਜੋਦੜੀ ਨਾਲ ਸਿਮਰਨ ਵਿਚ ਲਗਾ ਕੇ ਸਿਮਰਨ ਮੰਗਣ ਦਾ ਵਲ ਸਿਖਾਲਦੀ ਹੈ। ਆਦਿ ਅੰਤ 'ਵਾਹਿਗੁਰੂ ਜੀ ਕੀ ਫ਼ਤਹ' ਅਖਵਾ ਕੇ, ਸਿਮਰਨ ਦੇ ਲਕਸ਼ ਨਾਲ ਜੋੜ ਕੇ ਜੇਤੂ ਭਾਵਨਾ ਪ੍ਰਾਪਤ ਕਰਨ ਦਾ ਚੱਜ ਦਸਦੀ ਹੈ।

ਇਉਂ ਪ੍ਰਤੀਤ ਹੋਂਦਾ ਹੈ ਕਿ ਸਾਡੀ ਅਰਦਾਸ ਸਮੇਂ ਤੇ ਸਥਾਨ ਦੋਹਾਂ ਉਤੇ ਪਸਰਦੀ ਤੇ ਛਾ ਜਾਂਦੀ ਹੈ। ਸਮੁੱਚੇ ਕੌਮੀ ਇਤਿਹਾਸ ਥਾਣੀਂ ਲੰਘ ਕੇ ਇਹ ਸਮੇਂ ਨੂੰ ਸਮੇਟਦੀ ਹੈ। 'ਜਹਾਂ ਜਹਾਂ ਖ਼ਾਲਸਾ ਜੀ ਸਾਹਿਬ' ਵਾਲੀ ਦ੍ਰਿਸ਼ਟੀ ਨਾਲ ਸਾਰੇ ਸੰਸਾਰ ਨੂੰ ਆਪਣੇ ਪੈਰਾਂ ਹੇਠ ਲੈ ਆਉਂਦੀ ਹੈ। ਇਹ ਨ ਕਿਸੇ ਇਕ ਸਮੇ, ਨ ਕਿਸੇ ਇਕ ਸਥਾਨ ਤੇ ਨ ਕਿਸੇ ਇਕ ਵਿਅਕਤੀ ਦੀ ਅਰਦਾਸ ਹੈ। 'ਸਰਬੱਤ ਕਾ ਭਲਾ' ਯਾਚਣ ਵਾਲੀ ਇਹ ਰਚਨਾ ਸਰਬ ਕਾਲ ਸਮੁੱਚੀ ਮਨੁੱਖ ਜਾਤੀ ਦੀ ਅਰਦਾਸ ਬਣ ਨਿਬੜਦੀ ਹੈ। ਓੜਕ, ਇਹ ਅਰਦਾਸ, **ਸਾਰੀ ਮਨੁੱਖਤਾ ਦੀ ਭਲਾਈ ਦਾ ਜੈਗਾਨ ਹੈ !**

ਸਾਹਿੱਤਕ ਮਹੱਤਾ ਵੀ ਅਰਦਾਸ ਦੀ ਬੜੀ ਹੈ। ਕਈ ਵਿਚਾਰਵਾਨ ਇਸ ਨੂੰ **ਗੁਰੂ ਪੰਥ ਦੀ ਬਾਣੀ** ਮੰਨਦੇ ਹਨ।* ਇਸ ਦੀ ਪਹਿਲੀ ਪੌੜੀ 'ਪ੍ਰਥਮ ਭਗਉਤੀ ਸਿਮਰ ਕੈ' ਤੋਂ ਲੈ ਕੇ 'ਸਭ ਥਾਈਂ ਹੋਇ ਸਹਾਇ' ਤੱਕ ਤਾਂ ਹੈ ਹੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ। ਬਾਕੀ ਦੀ ਰਚਨਾ ਨੂੰ ਵੀ ਪੰਥ ਵਿਚ ਬਾਣੀ ਵਰਗਾ ਸਤਿਕਾਰ ਤੇ ਦਰਜਾ ਪ੍ਰਾਪਤ ਹੈ। ਸਿੱਖਾਂ ਦਾ ਕੋਈ ਵੀ ਜੀਵਨ-ਸੰਸਕਾਰ ਤੇ ਕੋਈ ਵੀ ਧਰਮ-ਸਮਾਗਮ ਇਸ ਤੋਂ ਬਿਨਾ ਮੁਕੰਮਲ ਨਹੀਂ ਹੋ ਸਕਦਾ।

ਬਾਣੀ ਬਹੁਤ ਕਰ ਕਾਵਿ-ਰਚਨਾ ਹੈ, ਅਰਦਾਸ **ਕਾਵਿ ਮਈ ਵਾਰਤਕ** ਹੈ। ਪਰ ਇਹ ਬੜੀ ਸਮਰੱਥਾ ਵਾਲੀ ਵਾਰਤਕ ਹੈ। ਇਹ ਕਹਿਣਾ ਕੋਈ ਅਤਿਕਥਨੀ ਨਹੀਂ ਕਿ 'ਵਾਰਤਕ ਦਾ ਇਤਨਾ ਜ਼ੋਰਦਾਰ ਟੁਕੜਾ ਸਾਰੇ ਸੰਸਾਰ-ਸਾਹਿੱਤ ਵਿਚ ਨਹੀਂ* ਮਿਲਦਾ।

ਸੰਖੇਪਤਾ, ਤੇ ਸ਼ਬਦ-ਜੁਗਤ ਇਸ ਦੇ ਉਘੇ ਗੁਣ ਹਨ। ਸ਼ਾਇਦ ਹੀ ਕਿਸੇ ਇਤਿਹਾਸਕਾਰ ਨੇ ਆਪਣੀ ਕੌਮ ਦਾ ਇਤਿਹਾਸ ਇਤਨੇ ਥੋੜੇ ਸ਼ਬਦਾਂ ਵਿਚ ਇਤਨੀ ਪ੍ਰਬੀਨਤਾ ਨਾਲ ਚਿਤ੍ਰਿਆ ਹੋਵੇ।

ਇਸ ਦਾ ਮੁਹਾਂਦਰਾ ਲੋਕ-ਸਾਹਿੱਤ ਵਰਗਾ ਹੈ। ਲੋਕ-ਚਰਿਤ੍ਰ ਨਾਲ ਲਬਰੇਜ਼, ਲਕ-ਸੈਲੀ ਦੀ ਧਾਰਨੀ, ਇਹ ਸੱਚ ਮੁੱਚ ਲੋਕ-ਰਚਨਾ ਹੈ। ਐਸੀ ਅਧਿਆਤਮਕ ਲੋਕ-ਰਚਨਾ ਸ਼ਾਇਦ ਹੀ ਹੋਰ ਕਿਸੇ ਕੌਮ ਨੇ ਪੈਦਾ ਕੀਤੀ ਹੋਵੇ। ਇੱਕੋ ਵੇਲੇ ਇਹ ਅਲੌਕਿਕ, ਨਿਰੰਜਨ ਸੱਚ ਨੂੰ ਸੰਬੋਧਿਤ ਵੀ ਹੈ ਤੇ ਲੌਕਿਕ, ਮਾਇਆਵੀ ਸੱਚ ਨੂੰ ਬਲ ਵੀ ਦੇਂਦੀ ਹੈ। ਫ਼ਤਹ ਦੇ ਡੰਕੇ ਵੀ ਵਜਾਉਂਦੀ ਹੈ, ਤੇ ਮਨ ਨੀਵੇਂ ਦੀ ਯਾਚਨਾ ਵੀ ਕਰਦੀ ਹੈ। ਨਿਰੋਲ ਨਿੱਜੀ ਹਿਤਾਂ ਲਈ ਜੋਦੜੀ ਵੀ ਕਰਦੀ ਹੈ, ਸਰਬੱਤ ਕਾ ਭਲਾ ਵੀ ਮੰਗਦੀ ਹੈ। ਇਹ ਸਾਰੇ ਵਿਰੋਧਾਭਾਸ ਅਨੁਭਵ ਦੇ ਮੁਕਾਮ ਤੇ ਇਕ ਦੂਜੇ ਵਿਚ ਰਲਗੱਡ ਹੋਏ ਭਾਸਦੇ ਹਨ। ਇਉਂ ਲਗਦਾ ਹੈ, ਅਰਦਾਸ ਮਾਇਆਵੀ ਧਿਰ ਨੂੰ ਨਿਰੰਜਨ ਤਕ ਲਿਜਾਣ ਦਾ ਰਾਹ ਦਿਖਾਲਦੀ ਹੈ।

ਖ਼ਾਲਸਾ ਜੀ ਦੀ ਅਰਦਾਸ **ਸਦਾ ਵਿਗਸਦਾ ਸਾਹਿੱਤ** ਹੈ। ਇਸ ਨੂੰ ਸੰਪੂਰਨ ਹੋ ਗਿਆ ਕਦੇ ਨਹੀਂ ਕਿਹਾ ਜਾ ਸਕਦਾ। ਜਿੰਨਾ ਚਿਰ ਕੌਮ ਦਾ ਜੀਵਨ ਤੁਰਿਆ ਰਹੇਗਾ, ਅਰਦਾਸ ਦਾ ਵਿਗਾਸ ਹੁੰਦਾ ਰਹੇਗਾ, ਕਿਉਂਕਿ ਇਹ ਕੌਮ ਦੇ ਤੁਰਦੇ ਜੀਵਨ ਦੀ ਹੀ ਨਿਰਮਲ ਆਰਸੀ ਹੈ। ['ਅਰਦਾਸ' ਪੁਸਤਕ ਵਿਚੋਂ]

---

* ਡਾ: ਤਾਰਨ ਸਿੰਘ।



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਸੰਬੰਧੀ ਬਿਆਨ ਬਾਰੇ ਸਪੱਸ਼ਟੀਕਰਨ

ਭਾਈ ਰਛਪਾਲ ਸਿੰਘ ਫ਼ੌਜੀ ਦੀ ਅਗਵਾਈ ਵਾਲੀ ਪੰਥਕ ਕਮੇਟੀ (ਉਸਮਾਨ ਵਾਲਾ) ਅਤੇ ਉਸ ਦੀਆਂ ਹਮਾਇਤੀ ਕੁਝ ਜਥੇਬੰਦੀਆਂ ਦੇ ਨਾਮ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਰਹਿਤ ਲਿਖਤੀ ਬੀੜ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਸਥਾਪਨ ਕੀਤੇ ਜਾਣ ਸੰਬੰਧੀ ਭੁਲੇਖਾ-ਪਾਊ ਬਿਆਨ ਪਿਛੇ ਜਿਹੇ ਦਿੱਤਾ ਗਿਆ। ਇਸ ਪਾਏ ਗਏ ਭੁਲੇਖੇ ਨੂੰ ਦੂਰ ਕਰਨ ਲਈ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਜ਼ਿਮੇਵਾਰ ਸੰਬੰਧਿਤ ਵਿਅਕਤੀਆਂ ਵਲੋਂ ਸਪੱਸ਼ਟੀਕਰਨ ੧੭-੧੦-੯੦ ਦੀ ਅਜੀਤ ਅਖ਼ਬਾਰ ਵਿਚ ਦਿੱਤਾ ਜਾ ਚੁੱਕਾ ਹੈ। ਜਿਥੋਂ ਤੱਕ ਦਾਸ ਦਾ ਸੰਬੰਧ ਹੈ, ਸਥਿਤੀ ਇਸ ਪ੍ਰਕਾਰ ਹੈ :

ਤਿੰਨ ਸਾਲ ਹੋਏ, ਸਤਿਗੁਰਾਂ ਨੇ ਪ੍ਰੇਰਨਾ, ਉਦਮ ਅਤੇ ਸ਼ਕਤੀ ਬਖਸ਼ ਕੇ, ਦਾਸ ਦੀ ਆਤਮਬ੍ਰਿਧੀ ਲਈ, ਦਾਸ ਕੋਲੋਂ ਇਕ ਪਾਵਨ ਬੀੜ ਲਿਖਣ ਦੀ ਸੇਵਾ ਲਈ। ਇਹ ਪਾਵਨ ਬੀੜ ਦਾਸ ਦੇ ਨਿਜੀ ਪਰਿਵਾਰ ਲਈ, ਦਾਸ ਦੇ ਗ੍ਰਿਹਿ ਵਿਖੇ ਉਪਸਥਿਤ ਹੈ। ਇਸ ਪਾਵਨ ਬੀੜ ਤੋਂ ਦਾਸ ਦੇ ਗ੍ਰਿਹਿ ਵਿਚ ਹੀ ਕਈ ਸਹਿਜ ਅਤੇ ਅਖੰਡ ਪਾਠ ਹੋਏ ਹਨ।

ਇਹ ਬਿਲਕੁਲ ਸਫ਼ੈਦ ਝੂਠ ਹੈ ਕਿ ਦਾਸ ਨੇ ਇਸ ਪਾਵਨ ਬੀੜ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਜਾਂ ਕਿਸੇ ਹੋਰ ਗੁਰਧਾਮ ਤੇ ਅਸਥਾਪਨ ਕਰਨ ਲਈ ਕੋਈ ਉਪਰਾਲਾ ਕੀਤਾ, ਜਾਂ ਕਿਸੇ ਨਾਲ ਗੱਲ-ਬਾਤ ਕੀਤੀ। ਇਹ ਵੀ ਕੋਰਾ ਝੂਠ ਹੈ ਕਿ ਦਾਸ ਵਲੋਂ ਗੁਰਧਾਮਾਂ ਤੇ ਸਥਾਪਨ ਕੀਤੇ ਜਾਣ ਲਈ ਚਾਰ ਪਾਵਨ ਬੀੜਾਂ ਲਿਖੀਆਂ ਜਾਂ ਲਿਖਵਾਈਆਂ ਗਈਆਂ ਹਨ। ਭਾਈ ਰਛਪਾਲ ਸਿੰਘ ਫ਼ੌਜੀ ਦੀ ਅਗਵਾਈ ਵਾਲੀ ਪੰਥਕ ਕਮੇਟੀ ਦਾ ਡਾ. ਸੋਹਣ ਸਿੰਘ ਦੀ ਅਗਵਾਈ ਵਾਲੀ ਪੰਥਕ ਕਮੇਟੀ ਨਾਲ ਕੋਈ ਜ਼ਾਤੀ ਮਤਭੇਦ ਹੋਣ ਕਾਰਨ ਭਾਈ ਸੁਖਦੇਵ ਸਿੰਘ ਬੱਬਰ ਦਾ ਨਾਮ ਅਜਾਈਂ ਹੀ ਕਿਸੇ ਸਾਜ਼ਸ਼ ਅਧੀਨ ਇਸ ਮਸਲੇ ਵਿਚ ਘਰੀਕ ਲਿਆ ਗਿਆ ਹੈ।

ਦਾਸ ੧.ਓ ਤੋ ਲੈ ਕੇ ਮੁੰਦਾਵਣੀ ਤਕ ਗੁਰਬਾਣੀ ਮੰਨ ਕੇ, ਪਾਠ ਦਾ ਭੋਗ ਮੁੰਦਾਵਣੀ ਉਤੇ ਹੀ ਪਾਉਂਦਾ ਹੈ, ਇਸ ਲਈ ਇਹ ਬੀੜ ਮੁੰਦਾਵਣੀ ਤਕ ਹੀ ਲਿਖੀ ਗਈ ਸੀ। ਮੁੰਦਾਵਣੀ ਤਕ ਇਹ ਇਕੱਲੀ ਬੀੜ ਨਹੀਂ, ਹੋਰ ਵੀ ਅਜਿਹੀਆਂ ਪੁਰਾਣਨ ਬੇਅੰਤ ਹੱਥ-ਲਿਖਤ ਬੀੜਾਂ ਦੇਸ ਪ੍ਰਦੇਸ ਵਿਚ ਉਪਲਬਧ ਹਨ। ਅਗਨ ਭੇਟ ਹੋ ਚੁਕੀ ਸਿੱਖ ਰੈਫ਼ਰੈਂਸ ਲਾਇਬਰੇਰੀ ਵਿਚ ਵੀ ਕਈ ਬੀੜਾਂ ਮੁੰਦਾਵਣੀ ਤਕ ਹੀ ਸਨ।

ਉਪ੍ਰੋਕਤ ਲਾਇਬਰੇਰੀ ਵਿਚ ਇਕ ਹੱਥ-ਲਿਖਤ ਬੀੜ ਜੋ ਮੁੰਦਾਵਣੀ ਤਕ ਸੀ, ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਸਪੈਸ਼ਲ ਤੌਰ ਤੇ ਮੰਗਵਾਈ ਗਈ ਸੀ।

ਪ੍ਰਚੱਲਿਤ ਪੰਥਕ ਫ਼ੈਸਲੇ ਮੁਜਬ ਪਾਠ ਦਾ ਭੋਗ ਮੁੰਦਾਵਣੀ ਉਤੇ ਪਾਏ ਜਾਣ ਦੀ ਵੀ ਵਿਵਸਥਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੇ, ਅਤੇ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਤੇ, ਜਿਥੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਦਾ ਹੀ ਪ੍ਰਬੰਧ ਰਿਹਾ ਹੈ, ਪਾਠਾਂ ਦੀ ਸਮਾਪਤੀ ਹਮੇਸ਼ਾ ਮੁੰਦਾਵਣੀ ਉਤੇ ਹੀ ਕੀਤੀ ਜਾਂਦੀ ਰਹੀ। ਪ੍ਰਥਮ ਕਾਲ ਵਿਚ ਬੇਅੰਤ ਪੰਥ ਪ੍ਰਤਿਸ਼ਟ ਵਿਅਕਤੀ ਅਤੇ ਸੰਸਥਾਵਾਂ ਪਾਠ ਦਾ ਭੋਗ ਮੁੰਦਾਵਣੀ ਉਤੇ ਪਾਉਣ ਦੇ ਮੁਦਈ ਸਨ। ਉਨ੍ਹਾਂ ਵਿਚੋਂ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ, ਗਿਆਨੀ ਦਿਤ ਸਿੰਘ, ਪ੍ਰੋ. ਗੁਰਮੁਖ ਸਿੰਘ, ਗਿ. ਗਿਆਨ ਸਿੰਘ, ਪੰਡਿਤ ਤਾਰਾ ਸਿੰਘ ਨਰੋਤਮ, ਮਹਾਂ ਕਵੀ ਸੰਤੋਖ ਸਿੰਘ, ਪੰਡਿਤ ਹਜ਼ਾਰਾ ਸਿੰਘ, ਮਾਸਟਰ ਮੋਤਾ ਸਿੰਘ, ਗਿ. ਸ਼ੇਰ ਸਿੰਘ, ਮਾਸਟਰ ਮਹਿਤਾਬ ਸਿੰਘ, ਮਾਸਟਰ ਤਾਰਾ ਸਿੰਘ, ਗਿ. ਨਾਹਰ ਸਿੰਘ, ਪ੍ਰਿੰਸੀਪਲ ਧਰਮਾਨੰਤ ਸਿੰਘ, ਪ੍ਰੋ. ਤੇਜਾ ਸਿੰਘ ਪ੍ਰਿੰ. ਗੰਗਾ ਸਿੰਘ, ਪ੍ਰੋ. ਗੰਡਾ ਸਿੰਘ, ਪ੍ਰੋ. ਸਾਹਿਬ ਸਿੰਘ, ਸ. ਸ਼ਮਸ਼ੇਰ ਸਿੰਘ ਅਸ਼ੋਕ, ਪੰਡਿਤ ਕਰਤਾਰ ਸਿੰਘ ਦਾਖਾ, ਬਾਵਾ ਹਰਿਕਿਸ਼ਨ ਸਿੰਘ, ਸ. ਰਣਧੀਰ ਸਿੰਘ ਰਿਸਰਚ ਸਕਾਲਰ, ਪ੍ਰਿੰਸੀਪਲ ਗੁਰਮੁਖ ਨਿਹਾਲ ਸਿੰਘ, ਪ੍ਰਿੰਸੀਪਲ ਨਿਰੰਜਨ ਸਿੰਘ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਨਾਮ ਵਰਨਣ ਯੋਗ ਹਨ ਅਤੇ ਅੱਜ ਵੀ ਪੰਥ ਦੀ ਵੱਡੀ ਸੰਖਿਆ ਵਲੋਂ ਭੋਗ ਮੁੰਦਾਵਣੀ


www.AKJ.Org

# ਨਾਨਕ ਜੀ, ਪਿਆਰਿਆ !

[ਸ: ਸੁਖਵਿੰਦਰ ਸਿੰਘ, ਬੀ-11, ਡੀ.ਐਲ.ਐਫ. ਕਾਲੋਨੀ, ਪਟਿਆਲਾ]

ਮੈਂ ਕੁਰਲਾਵਾਂ, ਮੈਂ ਜ਼ਾਰ ਜ਼ਾਰ ਰੋਵਾਂ।
ਮੈਂ ਕੋਈ ਰਾਹ ਪਾਵੇ, ਕਿਸ ਸ਼ਰਨ ਜਾਵਾਂ।
ਸਭ ਮੈਂ ਗਵਾਇਆ, ਕੋਲ ਨਾ ਰਾਈ।
ਪਿਛੇ ਸਭ ਉਜਾੜ, ਅਗੇ ਡੂੰਘੀ ਖਾਈ।
ਐਸੇ ਕੁਕਰਮ ਮੇਰੇ, ਨਾ ਹੁਣ ਸਾਥੀ ਨਾਲ।
ਨਾਨਕ ਜੀ ਪਿਆਰਿਆ, ਹੱਥ ਦੇ ਸੰਭਾਲ।
ਮੈਂ ਕਾਮੀ ਦੁਰਾਚਾਰੀ, ਅਜਾਮਲ ਸ਼ਰਮਾਇਆਂ।
ਕ੍ਰੋਧ-ਅਗਨੀ ਸੜਦਾ, ਮੈਂ ਸਭ ਗਵਾਇਆ।
ਲਾਲਚ ਕੀਤਾ ਅੰਨ੍ਹਾ, ਸਭ ਦਿਸੇ ਮਾਇਆ।
ਜਿਸ ਕਿਛ ਬਿਨਸਣਾ, ਮੈਂ ਕਿਹਾ ਪਾਇਆ।
ਭਾਰੀ ਮੈਂ ਪੰਡ ਕੀਤੀ, ਕੋਈ ਨਾ ਚੁਕੇ ਨਾਲ।
ਨਾਨਕ ਜੀ ਪਿਆਰਿਆ, ਹੱਥ ਦੇ ਸੰਭਾਲ।
ਸੱਜਣ ਕੌਡੇ ਜਿਹੇ, ਤੈਂ ਤਾਰੇ ਘਰ ਜਾਹ।
ਮੱਕੇ ਹਰਦੁਆਰ ਜਾਂ, ਪਾਏ ਭੁਲੜੇ ਰਾਹ।
ਮੈਂ ਦੀਨ ਅੱਜ ਸ਼ਰਨ, ਤੇਰੀ ਤੱਕੀ।
ਡਿਗੇ ਢਠੇ ਸ਼ਰਨ ਪਏ ਦੀ, ਲਾਜ ਤੂੰ ਰਖੀਂ।
ਤੇਰਾ ਵਡਾ ਗੁਣ, ਤੂੰ ਅਕ੍ਰਿਤਘਣਾਂ ਭੀ ਪਾਲ।
ਨਾਨਕ ਜੀ ਪਿਆਰਿਆ, ਹੱਥ ਦੇ ਸੰਭਾਲ।
ਮੈਂ ਸਭ ਹਨੇਰਾ, ਨਾ ਦਿਸੇ ਰਾਹ।
ਮਿਟੀ ਧੁੰਧ ਦੇ ਚਾਨਣ, ਦੇ ਅਪਣੀ ਬਾਂਹ।
ਉਚੇ ਪਰਬਤਾਂ ਚੜ੍ਹ, ਸਿਧਾਂ ਭੀ ਤਾਰਿਆ।
ਮੈਂ ਕੀਟ ਅਜ ਦਰ ਤੇਰੇ, ਪੈ ਪੁਕਾਰਿਆ।
ਅਉਗੁਣ ਕੀਤੇ ਅਸੰਖ, ਡਰ ਆਵੇ ਸੁਣ ਕਾਲ।
ਨਾਨਕ ਜੀ ਪਿਆਰਿਆ, ਹੱਥ ਦੇ ਸੰਭਾਲ।
ਬਖਸ਼ ਪਿਆਰਿਆਂ ਦੀ ਸੇਵ, ਹਉ ਮਿਟਾਵਾਂ।
ਦਰ ਤੇਰੇ ਦੀ ਧੂੜ, ਵਧ ਹੋਰ ਨਾ ਚਾਹਵਾਂ।
ਨਾਮ ਤੇਰੇ ਦੀ ਠੰਡ, ਕ੍ਰੋਧ ਚੰਡਾਲ ਜਾਏ।
ਗੁਰਸਿਖੀ ਕਰਮ ਅੰਤਹਿ ਜੀਅ ਨਾ ਸ਼ਰਮਾਏ।
ਨਦਰਿ ਕਰ ਦਾਤਾਰ, ਨਾਮ ਕਮਾਵਾਂ ਘਾਲ।
ਨਾਨਕ ਨੀ ਪਿਆਰਿਆ, ਹੱਥ ਦੇ ਸੰਭਾਲ।

---

❀ਉਤੇ ਪਾਇਆ ਜਾਂਦਾ ਹੈ।

ਕੋਈ ਰਾਗਮਾਲਾ ਪੜ੍ਹੇ ਜਾਂ ਨਾ, ਇਸ ਬਾਰੇ ਘਟੋ ਘਟ ਪਿਛਲੇ ੬੦-੭੦ ਸਾਲਾਂ ਤੋਂ ਕੋਈ ਵਾਦ-ਵਿਵਾਦ ਕਦੀ ਨਹੀਂ ਹੋਇਆ ਅਤੇ ਅਜਿਹਾ ਹੀ ਪੰਥ ਦਾ ਹੁਕਮ ਹੈ।

ਇਥੇ ਇਹ ਵਰਨਣ ਕਰਨਾ ਕੁਥਾਂ ਨਹੀਂ ਕਿ ਭਿੰਡਰਾਂ ਜਥੇ ਦੇ ਪੂਰਵ-ਮੁਖੀ ਸੰਤ ਕਰਤਾਰ ਸਿੰਘ ਜੀ ਦੇ ਸਮੇਂ ਉਹਨਾਂ ਦੇ ਸਪੈਸ਼ਲ ਸੱਦੇ ਤੇ ਅਖੰਡ ਕੀਰਤਨੀ ਜਥੇ ਸੰਤ ਗੁਰਬਚਨ ਸਿੰਘ ਜੀ ਦੀ ਬਰਸੀ ਤੇ ਰੈਣ ਸਬਾਈ ਕੀਰਤਨ ਵਿਚ ਸ਼ਾਮਲ ਹੁੰਦੇ ਰਹੇ ਹਨ। ਦੋਹਾਂ ਜਥੇਬੰਦੀਆਂ ਦਾ ਰਾਗਮਾਲਾ ਦੇ ਮਸਲੇ ਤੇ ਵਿਚਾਰਾਂ ਦਾ ਵਖੇਵਾਂ ਹੋਣ ਦੇ ਬਾਵਜੂਦ ਆਪਸੀ ਸਹਿਚਾਰ ਕਾਇਮ ਰਿਹਾ ਹੈ।

ਇਸ ਨਾਜ਼ਕ ਦੌਰ ਤੇ, ਜਦ ਪੰਥ ਇਕ ਵੱਡੀ ਭੀੜਾ ਵਿਚ ਫਸਿਆ ਹੋਇਆ ਹੈ, ਰਾਗਮਾਲਾ ਬਾਰੇ ਵਿਵਾਦ ਛੇੜ ਕੇ ਕੁਝ ਗ਼ਰਜ਼-ਗ੍ਰਸਤ ਵਿਅਕਤੀ ਪੰਥਕ ਏਕਤਾ ਨੂੰ ਢਾਹ ਲਾ ਕੇ ਆਪਣਾ ਉਲੂ ਸਿੱਧ ਕਰਨ ਦਾ ਯਤਨ ਕਰ ਰਹੇ ਹਨ ਅਤੇ ਅਜਿਹਾ ਕਰਨ ਲਈ ਕਈ ਕਿਸਮ ਦੇ ਕੂੜ ਕੁਫਰ ਤੋਲਣ ਤਕ ਉਤਰ ਰਹੇ ਹਨ। ਅਜਿਹਾ ਕਰਨ ਵਿਚ ਕੁਝ ਉਹ ਭਦਰ ਪੁਰਸ਼ ਵੀ ਸ਼ਾਮਲ ਹਨ ਜੋ ਗੁਰਧਾਮਾਂ ਤੇ ਮਨ-ਮਰਜ਼ੀ ਦੀ ਮਰਯਾਦਾ ਧੀਂਗੋ-ਜ਼ੋਰੀ ਚਾਲੂ ਕਰਨ ਦੇ ਭਾਗੀ ਹਨ। ਉਨ੍ਹਾਂ ਵਲੋਂ ਦਾਸ ਨੂੰ ਬੇਹੂਦਾ ਸ਼ਬਦਾਵਲੀ ਅਤੇ ਧਮਕੀ ਭਰੀਆਂ ਚਿੱਠੀਆਂ ਨਿੱਜੀ ਤੌਰ ਤੇ ਵੀ ਪੁਜੀਆਂ ਹਨ। ਇਸ ਦੇ ਬਾਵਜੂਦ ਵਡੇਰੇ ਪੰਥਕ ਹਿਤਾਂ ਨੂੰ ਮੁਖ ਰਖ ਕੇ, ਅਖੰਡ ਕੀਰਤਨੀ ਜਥਾ ਸਭ ਕੁਝ ਦੇਖ ਕੇ ਅਣਡਿੱਠ ਕਰਦਾ ਆ ਰਿਹਾ ਹੈ, ਪਰ ਚੁਪ ਰਹਿਣ ਦੀ ਵੀ ਕੋਈ ਹੱਦ ਹੁੰਦੀ ਹੈ।

ਉਪ੍ਰੋਕਤ ਸਪੱਸ਼ਟੀਕਰਨ ਦਿਤੇ ਜਾਣ ਦੇ ਬਾਵਜੂਦ ਜੇ ਪੰਥ ਵਲੋਂ ਉਪ੍ਰੋਕਤ ਵਰਣਿਤ ਸਾਰੀਆਂ ਧਿਰਾਂ ਕੋਲੋਂ ਕੋਈ ਵਧੇਰੇ ਸੂਚਨਾ ਜਾਂ ਸਪੱਸ਼ਟੀਕਰਨ ਲੈਣਾ ਜ਼ਰੂਰੀ ਸਮਝਿਆ ਜਾਵੇ ਤਾਂ ਦਾਸ ਨੂੰ ਨਿੱਜੀ ਤੌਰ ਤੇ ਕੋਈ ਉਜ਼ਰ ਨਹੀਂ ਹੋਵੇਗਾ।

ਖਾਲਸਾ ਜੀ ਦਾ ਸੇਵਾਦਾਰ

(ਰਾਮ ਸਿੰਘ) ਜਥੇਦਾਰ ਅਖੰਡ ਕੀਰਤਨੀ ਜਥਾ 

www.AKJ.Org

# ਸੂਰਾ ਦੇ ਪਰਦੇਸੀ ਚੰਦੇ

ਅਤਿ ਦੀ ਮਹਿੰਗਾਈ ਕਾਰਨ ਖ਼ਰਚਾਂ ਦੇ ਬਹੁਤ ਵਧ ਜਾਣ ਕਰਕੇ ਪਿਛੇ ਜਿਹੇ ਦੇਸ ਲਈ ਚੰਦੇ ਵਧਾਏ ਗਏ ਸਨ, ਪਰ ਪਰਦੇਸ ਦੇ ਚੰਦੇ ਓਹੋ ਹੀ ਰਹਿਣ ਦਿਤੇ ਗਏ ਸਨ। ਮਜਬੂਰੀ ਕਾਰਨ ਖਰਚੇ ਪੂਰੇ ਕਰਨ ਲਈ ਪਰਦੇਸੀ ਚੰਦੇ ਹੇਠ ਲਿਖੇ ਅਨੁਸਾਰ ਵਧਾਏ ਗਏ ਹਨ–

| | | |
|---|---|---|
| Yearly Subscription | Sea Mail 50-00 | Air Mail 150-00 |
| ਸਲਾਨਾ ਚੰਦਾ– | ਸਮੁੰਦਰੀ ਡਾਕ ੫੦-੦੦ | ਹਵਾਈ ਡਾਕ ੧੫੦-੦੦ |
| ਅਮਾਨਤੀ ਲਾਈਫ਼ ਮੈਂਬਰ–ਸਮੁੰਦਰੀ ਡਾਕ ੧੫੦-੦੦ | | ਹਵਾਈ ਡਾਕ ੧੫੦੦-੦੦ |

---

## 'ਸੂਰਾ' ਦੇ ਚੰਦੇ ਤੇ ਬਕਾਏ ਅਮਾਨਤੀ ਲਾਈਫ਼ ਮੈਂਬਰ ਦੇ ਕੇ ਰਸੀਦ ਲਓ

੧ ਲੁਧਿਆਣਾ—ਗਿਆਨੀ ਅਜੀਤ ਸਿੰਘ ਜੀ, ਵਿਯੋਗੀ ਨਿਕੇਤਨ, ਗਲੀ ਨੰਬਰ ੭, ਫੀਲਡ ਗੰਜ
੨. ਪਟਿਆਲਾ—ਪ੍ਰੋਫੈਸਰ ਗੁਰਮੁਖ ਸਿੰਘ ਜੀ, ੭੯-ਇੰਦਰਪੁਰੀ ਕਾਲੋਨੀ, ਸਰਹੰਦ ਰੋਡ
੩. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਂਕ ਪੰਜ ਪੀਰ
੪. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੫. ਚੰਡੀਗੜ੍ਹ ਤੇ ਮੋਹਾਲੀ—ਭਾਈ ਫੋਜਿੰਦਰ ਸਿੰਘ, ਪ੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੬. ਜ਼ਿਲਾ ਸੰਗਰੂਰ—ਪਿੰਡ ਰੋਹੀੜਾ (ਕੁਪ ਘਲੂਘਾਰਾ) ਭਾਈ ਦਰਸ਼ਨ ਸਿੰਘ ਜੀ ਦਰਸ
੭. ਫ਼ਰੀਦਾਬਾਦ – (ਹਰਿਆਣਾ) ਭਾਈ ਮੋਹਨ ਸਿੰਘ ਜੀ, ਕੋਠੀ ਨੰਬਰ ੧੧੨੯, ਸੈਕਟਰ ੧੫
੮. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫ ਫ਼ਤਹ ਨਗਰ
੯. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੧੦. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਾਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 52206

---

## ਅਖੰਡ ਕੀਰਤਨੀ ਜਥਾ ਕੈਲੀਫ਼ੋਰਨੀਆ ਤੇ ਨੀਊਜਰਸੀ (ਅਮਰੀਕਾ) ਵੱਲੋਂ

ਗੁਰਦੁਆਰਾ ਸਾਹਿਬ ਐਲਬਰਾਂਟੇ ਵਿਚ ਭਾਈ ਕੇਵਲ ਸਿੰਘ ਦੇ ਭੁਜੰਗੀ ਦੇ ਅਨੰਦ ਕਾਰਜ ਸਮੇਂ ਅਤੇ ਰਾਤ ਨੂੰ ਰੈਣ ਸਬਾਈ ਵਿਚ ਨਾਮ ਦੇ ਚਲੂਲੇ ਰੰਗਾਂ ਵਿਚ ਕੀਰਤਨ ਹੋਏ ਅਤੇ ਇਸੇ ਤਰ੍ਹਾਂ ਹੋਰ ਵੀ ਕਈ ਸਿੰਘਾਂ ਦੇ ਘਰਾਂ ਅਤੇ ਗੁਰਦੁਆਰਿਆਂ ਵਿਚ ਅਖੰਡ ਕੀਰਤਨ ਦੀਆਂ ਗੂੰਜਾਂ ਪਈਆਂ। ੩ ਨੋਵੰਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰ-ਗਦੀ ਪੁਰਬ ਸੰਬੰਧੀ ਯੂਬਾ ਸਿਟੀ ਵਿਚ ਰੈਣ ਸਬਾਈ ਕੀਰਤਨ ਅਤੇ ੪ ਨਵੰਬਰ ਨੂੰ ਟਰੱਕ ਵਿਚ ਬਣੇ ਖ਼ੂਬਸੂਰਤ ਫ਼ਲੋਟ ਵਿਚਲੇ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਕੀਰਤਨ ਦੇ ਚਲੂਲੇ ਰੰਗ ਮਾਣੇ ਜਾ ਰਹੇ ਹਨ। ਦਾਸ—ਰਜਿੰਦਰ ਸਿੰਘ, ਸਨਫਰਾਂਸਿਸਕੋ

## ਰਿਸ਼ਤੇ ਨਾਤੇ–

ਨੋਟ—(੧) ਚਿਠੀ ਲਫ਼ਾਫ਼ੇ ਤੇ ਪਤਾ ਲਿਖੋ : ਫ਼ਾਰਮ ਨੰ:— c/o ਸੂਰਾ ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ (੨) ਕੇਵਲ ਅੰਮ੍ਰਿਤਧਾਰੀ ਤੇ ਸਾਕਾਹਾਰੀ ਬੱਚਿਆਂ ਲਈ ਲਿਖੋ। (੩) ਰਿਸ਼ਤੇ ਨਾਤੇ ਦੇ ਫ਼ਾਰਮ ਦਫ਼ਤਰ ਸੂਰਾ ਮਾਸਕ ਪਤਰ ਤੋਂ ਟਿਕਟ-ਲਗਾ ਲਫ਼ਾਫ਼ਾ ਭੇਜ ਕੇ ਮੁਫ਼ਤ ਮੰਗਾਓ।

ਫ਼ਾਰਮ ਨੰ: ੩੯੧—੨੬ ਸਾਲਾ ਅਠਵੀਂ ਪਾਸ ਸਿੰਘ, ਕੱਦ ੫'-੫" ਨਿਤਨੇਮੀ, ਮਾਲਕੀ ੧੨ ਏਕੜ ਜ਼ਮੀਨ, ਕਾਰ ਵਿਹਾਰ ਜ਼ਿਮੀਦਾਰਾ, ਲਈ ਯੋਗ ਬੀਬੀ ਦੇ ਰਿਸ਼ਤੇ ਦੀ ਲੋੜ।

ਫ਼ਾਰਮ ਨੰ: ੩੯੨—੧੫ ਸਾਲਾ ਬੀਬੀ, ਕੱਦ ੫ ਫੁਟ, ਪੰਜਵੀਂ ਪਾਸ ਲਈ ਵਰ ਦੀ ਲੋੜ।

ਫ਼ਾਰਮ ਨੰ: ੩੯੩—੨੭ ਸਾਲਾ ਬੀ.ਏ. ਪਾਸ ਸਿੰਘ, ਕੱਦ ੫'-੭", ਮਾਡਲ ਸਕੂਲ ਚਲਾ ਰਿਹਾ ਹੈ, ਲਈ ਪੜ੍ਹੀ ਲਿਖੀ ਨਿਤਨੇਮਣ ਬੀਬੀ ਦੇ ਰਿਸ਼ਤੇ ਦੀ ਲੋੜ।

ਫ਼ਾਰਮ ਨੰ: ੩੯੪—੩੫ ਸਾਲਾ ਮੈਟਰਿਕ ਪਾਸ, ਕੱਦ ੫'-੬", ਦੁਹਾਜੂ ਗ੍ਰੰਥੀ ਸਿੰਘ, ਦੋ ਬਚਿਆਂ ਦਾ ਬਾਪ, ਲਈ ਯੋਗ ਬੀਬੀ ਦੇ ਰਿਸ਼ਤੇ ਦੀ ਲੋੜ।

ਫ਼ਾਰਮ ਨੰ: ੩੯੫—੨੭ ਸਾਲਾ ਬੀ.ਐਸ.ਸੀ., ਬੀ.ਐਡ. ਬੀਬੀ, ਕੱਦ ੫ ਫੁਟ, ਪ੍ਰਾਈਵੇਟ ਸਕੂਲ ਮਾਸਕ ੧੨੦੦ ਰੁਪਏ, ਲਈ ਚੰਗੀ ਨੌਕਰੀ ਵਾਲੇ ਵਰ ਦੀ ਲੋੜ।

ਫ਼ਾਰਮ ਨੰ: ੩੯੬—੨੭ ਸਾਲਾ ਐਮ.ਏ. ਅੰਗਰੇਜ਼ੀ, ਪੀ.ਐਚ.ਡੀ. ਬੀਬੀ, ਕੱਦ ੫'-੩", ਲਈ ਯੋਗ ਵਰ ਦੀ ਲੋੜ।

ਪੁਰਾਣਾ ਫ਼ਾਰਮ ਨੰ: ੩੮੨—੨੧ ਸਾਲਾ ਐਮ.ਐਸ.ਸੀ. ਬਾਟਨੀ, ਕੀਰਤਨੀ ਬੀਬੀ, ਕੱਦ ੫'-੪", ਪ੍ਰਾਈਵੇਟ ਸਕੂਲ ਮਾਸਕ ੧੦੦੦/— ਲਈ ਡਾਕਟਰ, ਇੰਜੀਨੀਅਰ ਜਾਂ ਚੰਗੀ ਸਰਵਿਸ ਵਾਲੇ ਵਰ ਦੀ ਲੋੜ।

ਫ਼ਾਰਮ ਨੰ: ੩੯੭—੨੭ ਸਾਲਾ— ਹਾਇਰ ਸੈਕੰਡਰੀ ਪਾਸ ਫ਼ੌਜੀ ਸਿੰਘ, ਮਾਸਕ ੧੫੦੦ ਰੁਪਏ ਲਈ ਘਟੋ ਘਟ ਦਸਵੀਂ ਪਾਸ ਬੀਬੀ ਦੇ ਰਿਸ਼ਤੇ ਦੀ ਲੋੜ।

ਫ਼ਾਰਮ ਨੰ: ੩੯੮—੨੯ ਸਾਲਾ, ਡਬਲ ਐਮ.ਏ., ਬੀ.ਐਡ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਡਿਪਲੋਮਾ ਕਰ ਰਹੀ ਜ਼ਿਮੀਦਾਰ ਪਰਵਾਰ ਦੀ ਬੀਬੀ, ਕੱਦ ੫'-੧", ਲਈ ਯੋਗ ਗੁਰਸਿਖ ਵਰ ਦੀ ਲੋੜ ਹੈ।

www.AKJ.Org

## ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਦੋ ਮਹੀਨਿਆਂ ਵਿਚ ਪੁਜੀ ਸਹਾਇਤਾ

| | |
|---|---|
| ਸ: ਜਰਨੈਲ ਸਿੰਘ, ਲਿਸਟਰ ਯੂ.ਕੇ. | ੧੦੦੦-੦੦ |
| ਭਾਈ ਜਸਬੀਰ ਸਿੰਘ, ਘੱੜੇਵਾਹ | ੩੦੦-੦੦ |
| ਭਾਈ ਗੁਰਬਚਨ ਸਿੰਘ, ਫੇਰੋਚੇਰੀ | ੩੦੦-੦੦ |
| ਸ: ਹਰਸ਼ਰਨ ਸਿੰਘ, ਲੁਧਿਆਣਾ | ੧੦੦-੦੦ |
| ਸਾਧ ਸੰਗਤ ਕੋਪਰ ਹੈਗਨ ਡੈਨਮਾਰਕ | ੬੪੪੩-੦੦ |
| ਸ: ਪਰਦੁੱਮਨ ਸਿੰਘ, ਜਲੰਧਰ | ੧੦੦-੦੦ |
| ਸ: ਗਰਪੁਰਬ ਸਿੰਘ, ਸ੍ਰੀ ਨਗਰ | ੨੦੦-੦੦ |
| ਨੈਕ ਮੋਹਣ ਸਿੰਘ ੨੩ ਪੰਜਾਬ | ੫੦-੦੦ |
| ਸ: ਦਰਸ਼ਨ ਸਿੰਘ, ਪੰਧੇਰ, ਬਠਿੰਡਾ | ੨੦੦-੦੦ |
| ਸ: ਪ੍ਰੀਤਮ ਸਿੰਘ ਕਪੜੇ ਵਾਲੇ ਅੰਮ੍ਰਿਤਸਰ (ਪੁਤਰ ਦੀ ਸਲਾਨਾ ਯਾਦ ਵਿਚ) | ੫੦੦-੦੦ |
| ਸਵੀਟੀ ਸਿੰਘ, ਅੰਮ੍ਰਿਤਸਰ | ੫੦੦-੦੦ |
| ਸ: ਮਹਿੰਦਰ ਸਿੰਘ, ਲੁਧਿਆਣਾ | ੩੦੦੦-੦੦ |
| ਸਾਧ ਸੰਗਤ ਕੋਪਨ ਹੈਗਨ ਡੈਨਮਾਰਕ | ੪੧੬੩-੦੦ |
| ਬੀਬੀ ਜੁਗਿੰਦਰ ਕੌਰ, ਮਿਲਟਨ ਯੂ.ਕੇ. | ੫੦੦੦-੦੦ |
| ਸ: ਹਰਭਜਨ ਸਿੰਘ, ਨਵੀਂ ਦਿਲੀ | ੩੦੦-੦੦ |
| ਸ: ਗੁਰਦਿਆਲ ਸਿੰਘ, ਬਾਜਪੁਰ ਫਾਰਮ | ੨੦੦-੦੦ |
| ਸ: ਹਰਜੀਤ ਸਿੰਘ, ਕਰੋਲ ਬਾਗ ਦਿਲੀ | ੧੦੦-੦੦ |
| ਸ: ਅਮਰ ਸਿੰਘ, ਬੰਬਈ | ੧੦੨-੦੦ |
| ਸ: ਅਤਰ ਸਿੰਘ ਨਠੌਤੀਆ ਦਿਲੀ | ੫੦੧-੦੦ |
| ਸ: ਪ੍ਰਕਾਸ਼ ਸਿੰਘ, ਦਿਲੀ | ੧੫੧-੦੦ |
| ਗੁਪਤ ਸੇਵਾ | ੧੦੦੦-੦੦ |
| J.W.O. ਤੇਜਿੰਦਰ ਸਿੰਘ, ਹਲਵਾਰਾ | ੧੦੦-੦੦ |
| ਸ: ਦਰਸ਼ਨ ਸਿੰਘ, ਮੂਲੀਆਂਵਾਲ | ੩੦-੦੦ |
| ਪੰਚਸ਼ੀਲ ਟ੍ਰਾਂਸਪੋਰਟ ਕੰਪਨੀ ਲੁਧਿਆਣਾ | ੧੦੧-੦੦ |
| ਸ: ਜਸਬੀਰ ਸਿੰਘ ਆਕਲੈਂਡ ਨਿਊਜ਼ੀਲੈਂਡ | ੨੯੮੧-੦੦ |
| ਸ: ਨੌਨਿਹਾਲ ਸਿੰਘ, ਮੰਧੇਰ | ੧੫੦-੦੦ |
| ਸਾਧ ਸੰਗਤ ਸਾਊਥਹਾਲ ਯੂ.ਕੇ. | ੫੦੪੦-੦੦ |
| ਗੁਰਦਵਾਰਾ ਸਾਧ ਸੰਗਤ ਲੇਟਨ ,, | ੫੬੫੦-੦੦ |
| ਸ: ਬਲਦੇਵ ਸਿੰਘ,ਮਾਨਚੈਸਟਰ ,, | ੭੦੦-੦੦ |
| ਸਾਧ ਸੰਗਤ ਬਲੈਨ ਬਰਨ ,, | ੬੦੦-੦੦ |
| ਬੀਬੀ ਸੁਰਿੰਦਰ ਕੌਰ Hayes U.K. (ਪਤੀ ਦੀ ਯਾਦ) | ੨੧੭੫-੦੦ |
| ਸ: ਮਲਕੀਅਤ ਸਿੰਘ, ਸਲੋਅ ਯੂ.ਕੇ. | ੭੦੦-੦੦ |
| ਸ: ਜਗੀਰ ਸਿੰਘ, ਲਿਸਟਰ ,, | ੨੮੦੦-੦੦ |
| ਬੀਬੀ ਸਰਨਜੀਤ ਕੌਰ ਰੈਡਿੰਗ ,, | ੨੯੦-੦੦ |
| ਸ: ਦਵਿੰਦਰ ਸਿੰਘ ਮਾਨਚੈਸਟਰ ,, | ੬੨੦-੦੦ |
| ਸ: ਬਲਦੇਵ ਸਿੰਘ ਬੱਸੀ ,, ,, | ੭੨੫-੦੦ |
| ਸਾਧ ਸੰਗਤ ਬਰੈਡਫੋਰਡ ,, | ੧੩੦੫੦-੦੦ |
| ਸ: ਮਲਕੀਅਤ ਸਿੰਘ ਜੀ ਦੇ ਮਾਤਾ ਜੀ, ਸਲੋਅ | ੨੯੦-੦੦ |
| ਗਿ: ਪ੍ਰੀਤਮ ਸਿੰਘ ਜੋਗੀ, ਸਲੋਅ ਯੂ.ਕੇ. | ੩੨੫-੦੦ |
| ਸ: ਹਰਜਿੰਦਰ ਸਿੰਘ ਬੇਦੀ, ਮੇਰਠ | ੨੫੦-੦੦ |
| ਬੀਬੀ ਬਾਲੀ, ਠੱਠੀਆਂ ਮਹੰਤਾਂ | ੧੦੦-੦੦ |
| Nb Sub. ਓਂਕਾਰ ਸਿੰਘ ਕਲਕੱਤਾ | ੬੦੦-੦੦ |
| ਭਾਈ ਜੀਵਨ ਸਿੰਘ ਜੀ ਕੀਰਤਨੀਏ | ੧੦,੦੦੦-੦੦ |
| ਸਾਧ ਸੰਗਤ ਡੈਨਮਾਰਕ ਕੋਪਨ ਹੈਗਨ | ੧੫,੦੦੦-੦੦ |
| ਸ: ਜਗਤਾਰ ਸਿੰਘ, ਤਰਨ ਤਾਰਨ | ੧੪੫੦-੦੦ |
| ਸਾਧ ਸੰਗਤ ਗੁਰਦੁਆਰਾ ਨਾਸਰਕੇ | ੬੦-੦੦ |

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

| | |
|---|---|
| ਬੀ: ਸੁਰਜੀਤ ਕੌਰ ਮਾਤਾ ਸ਼ਹੀਦ ਪ੍ਰੀਤਮ ਸਿੰਘ ਪਿੰਡ ਨਾਰਪੁਰ (ਗੁਰਦਾਸਪੁਰ)—ਪੁਤਰ ਸ਼ਹੀਦ, ਘਰੇਲੂ ਲੋੜਾਂ | ੫੦੦੦-੦੦ |
| ਬੀ: ਮਹਿੰਦਰ ਕੌਰ ਮਾਤਾ ਸ਼ਹੀਦ ਭਾਈ ਅਵਤਾਰ ਸਿੰਘ, ਅਜ਼ਾਦ ਨਗਰ ਅੰਮ੍ਰਿਤਸਰ | ੫੦੦੦-੦੦ |
| ਬੀ: ਚਰਨ ਕੌਰ ਪਤਨੀ ਭਾਈ ਅਵਤਾਰ ਸਿੰਘ ਛੇਹਰਟਾ, ਪਤੀ ਸ਼ਹੀਦ—ਲੜਕੀ ਦੀ ਸ਼ਾਦੀ | ੫੦੦੦-੦੦ |
| ਪੰਡਤ ਬਿਹਾਰੀ ਲਾਲ ਜਮਾਲਪੁਰ, ਲੜਕੀ ਦੀ ਸ਼ਾਦੀ ਲਈ | ੨੭੦੦-੦੦ |
| ਮਾਤਾ ਗੁਰਬਚਨ ਕੌਰ ਪਤਨੀ ਸ: ਗੁਰਦੇਵ ਸਿੰਘ ਨਾਂਗੇ ਦੀ ਸਰਾਂ ਅੰਮ੍ਰਿਤਸਰ—ਪੁਤਰ ਜੇਲ੍ਹ, ਘਰੇਲੂ ਲੋੜਾਂ | ੫੦੦੦-੦੦ |
| ਬੀ: ਸੰਤੋਖ ਕੌਰ ਪਤਨੀ ਮਿਸਤ੍ਰੀ ਸੁਰਜੀਤ ਸਿੰਘ ਗਾਲੋਵਾਲ ਬਾਘੇ—ਪੁਤਰ ਸ਼ਹੀਦ, ਘਰੇਲੂ ਲੋੜਾਂ | ੫੦੦੦-੦੦ |
| ਬੀ: ਹਰਭਜਨ ਕੌਰ ਪਤਨੀ ਭਾਈ ਜਸਬੀਰ ਸਿੰਘ ਮੰਡੀ ਗੋਬਿੰਦਗੜ੍ਹ—ਪਤੀ ਜੇਲ੍ਹ, ਘਰੇਲੂ ਲੋੜਾਂ | ੫੦੦੦-੦੦ |
| ਬੀ: ਤਾਜਵੰਤ ਕੌਰ ਪਤਨੀ ਸ਼ਹੀਦ ਧਰਮਜੀਤ ਸਿੰਘ ਵਡਾਲਾ ਵਾਂਗਰ—ਪਤੀ ਸ਼ਹੀਦ, ਘਰੇਲੂ ਲੋੜਾਂ | ੫੦੦੦-੦੦ |
| ਬੀਬੀ ਸਵਿੰਦਰ ਕੌਰ ਮਾਤਾ ਸ਼ਹੀਦ ਮਲਕੀਅਤ ਸਿੰਘ ਤਰਸਿਕਾ—ਸ਼ਹੀਦ ਨਮਿਤ ਅਖੰਡ ਪਾਠ ਲਈ | ੧੦੦੦-੦੦ |
| ਬੀਬੀ ਮਨਜੀਤ ਕੌਰ ਪਤਨੀ ਭਾਈ ਕਸ਼ਮੀਰ ਸਿੰਘ ਨੂਰਪੁਰ ਗੁਰਦਾਸਪੁਰ | ੫੦੦੦-੦੦ |
| ਸ: ਜਗੀਰ ਸਿੰਘ ਲੇਬਰ ਕਾਲੋਨੀ ਫਗਵਾੜਾ—ਪੁਤਰ ਜ਼ਮਾਨਤ ਤੇ ਰਿਹਾ, ਕੇਸ ਦੀ ਪੈਰਵੀ ਲਈ | ੫੦੦੦-੦੦ |
| ਬੀਬੀ ਰਤਨ ਕੌਰ ਮਾਤਾ ਸ਼ਹੀਦ ਤਰਸੇਮ ਸਿੰਘ ਰਿਆਲੀ (ਗੁਰਦਾਸਪੁਰ)—ਪੁਤਰ ਸ਼ਹੀਦ, ਘਰੇਲੂ ਲੋੜਾਂ | ੫੦੦੦-੦੦ |
| ਸਰਦਾਰਨੀ ਅਮਰ ਕੌਰ ਪਤਨੀ ਸਵਰਗਵਾਸੀ ਭਾਈ ਭਜਨ ਸਿੰਘ ਮਦਰਾਸੀ ਪ੍ਰਵਾਰ | ੪੦੦-੦੦ |

**ਯੂ.ਕੇ. ਵਿਖੇ ਮੋਖ-ਰਹਿਤ ਪੁਸਤਕਾਂ**—ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਤੇ ਹੋਰ ਗੁਰਮਤੀ ਪੁਸਤਕਾਂ ਗੁਰਮੁਖੀ ਤੇ ਅੰਗਰੇਜ਼ੀ ਵਿਚ ਮੁਫਤ ਮੰਗਾਓ। ਡਾਕ ਖਰਚ ਪਹਿਲਾਂ ਭੇਜੋ ਜੀ—

Bhai Madan Singh, 11-Apollo Way, Perry Barrs, Birmingham 20, 3ND (U.K.)

www.AKJ.Org

**ਸ਼ਹੀਦੀ ਗੁਰਪੁਰਬ ਨਾਵੀਂ ਪਾਤਸ਼ਾਹੀ ਸੰਬੰਧੀ ਗੁ: ਚਰਨ ਕਵਲ ਬੰਗਾ ਵਿਖੇ ਪ੍ਰੋਗਰਾਮ**

੨੨ ਤੋਂ ੨੪ ਨਵੰਬਰ ਸਵੇਰੇ ਭੋਗ ਅਖੰਡ ਪਾਠ, ਉਪ੍ਰੰਤ ੧੧ ਵਜੇ ਤਕ ਕੀਰਤਨ, ਸਾਮ ਨੂੰ ਅੰਮ੍ਰਿਤ ਸਿੰਚਾਰ ਤੇ ਰੈਣ ਸਬਾਈ ਕੀਰਤਨ। ਸਾਰਾ ਪ੍ਰੋਗਰਾਮ ਗੁਰਦੁਆਰਾ ਚਰਨ ਕਵਲ ਬੰਗਾ ਵਿਖੇ।

**ਸ਼ਹੀਦੀ ਗੁਰਪੁਰਬ ਪਾਤਸ਼ਾਹੀ ੯ ਦੀ ਯਾਦ ਵਿਚ ਰੈਣ ਸਬਾਈ ਕੀਰਤਨ**

ਸ੍ਰੀ ਲਾਲ ਗੁਰਦੁਆਰਾ ਸਾਹਿਬ, ਧੋਬੀ ਮਹਲਾ, ਬਸੀ ਪਠਾਣਾਂ ਵਿਖੇ ੨੨ ਨਵੰਬਰ ਵੀਰਵਾਰ ਰਾਤ।

**ਕੁਰਾਲੀ ਗੁਰਦਵਾਰਾ ਹਰਿਗੋਬਿੰਦ ਗੜ੍ਹ ਵਿਖੇ ੧੭ ਨਵੰਬਰ ਨੂੰ ਰੈਣ ਸਬਾਈ ਕੀਰਤਨ**

**ਦੁਰਾਹਾ ਮੰਡੀ ਗੁ: ਸ੍ਰੀ ਕਲਗੀਧਰ (ਰੇਲਵੇ ਰੋਡ) ਵਿਖੇ ੨੪ ਨਵੰਬਰ ਨੂੰ ਮਾਸਕ ਰੈਣ ਸਬਾਈ**

**ਗੋਨਿਆਨਾ ਮੰਡੀ (ਬਠਿੰਡਾ) ਗੁ: ਸੰਤ ਭਾਈ ਸੁਹੇਲ ਸਿੰਘ ਨਵੀਂ ਬਸਤੀ ੧੭ ਨਵੰਬਰ ਨੂੰ ਰੈਣ ਸਬਾਈ**

**ਪਿੰਡ ਪੰਜੇਟਾ (ਲੁਧਿਆਣਾ) ਨੇੜੇ ਭੈਣੀ ਸਾਹਿਬ ਭਾ. ਨਿਰਮਲ ਸਿੰਘ ਦੇ ਗ੍ਰਿਹਿ**

੧੧ ਨਵੰਬਰ ਐਤਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪ੍ਰੰਤ ਦੁਪਹਿਰ ਤਕ ਕੀਰਤਨ

**ਪਿੰਡ ਬੁਤਾਲਾ (ਕਪੂਰਥਲਾ) ਨੇੜੇ ਢਿਲਵਾਂ ਭਾ: ਬਖਸ਼ੀਸ਼ ਸਿੰਘ ਦੇ ਗ੍ਰਿਹਿ**

੮ ਤੋਂ ੧੦ ਨਵੰਬਰ ਸ੍ਰੀ ਅਖੰਡਪਾਠ, ੧੦ ਦੀ ਰਾਤ ਨੂੰ ਰੈਣ ਸਬਾਈ ਕੀਰਤਨ

**ਫਿਰੋਜ਼ਪੁਰ ਖ਼ਾਲਸਾ ਗੁਰਦੁਆਰਾ ਵਿਖੇ ੧੦ ਨਵੰਬਰ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ**

**ਪਿੰਡ ਜਾਫਰ ਕੋਟ (ਨੇੜੇ ਅਜਨਾਲਾ) ਬੀਬੀ ਕੁਲਵੰਤ ਕੌਰ ਦੇ ਗ੍ਰਿਹਿ ਸਮਾਗਮ**

੨ ਦਸੰਬਰ ਨੂੰ ਸ੍ਰੀ ਅਖੰਡਪਾਠ ਦੇ ਭੋਗ ਉਪ੍ਰੰਤ ਦੁਪਹਿਰ ਤਕ ਕੀਰਤਨ

**ਖੰਨਾ, ਨੇੜੇ ਸਬਜ਼ੀ ਮੰਡੀ ਬੱਚੀ ਦੇ ਅਨੰਦ ਸਮੇਂ ਅਖੰਡ ਕੀਰਤਨ**

ਭਾਈ ਗੁਰਮੁਖ ਸਿੰਘ ਫ਼ਰੂਟ ਵਾਲੇ ਦੇ ਗ੍ਰਿਹਿ ਨੰਬਰ ੫੫, ਮਾਡਲ ਟਾਊਨ ਵਿਖੇ ੨੫ ਨਵੰਬਰ ਸਵੇਰੇ

---

**ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਗੁਰਮਤਿ ਅਖੰਡ ਕੀਰਤਨ ਸਮਾਗਮ**

(੧) ਮੇਨ ਸਮਾਗਮ ਕੀਰਤਨ ਰੈਣ ਸਬਾਈ 24.11.90 ਨੂੰ ਗੁਰਦਵਾਰਾ ਗੁਰੂ ਨਾਨਕ ਪ੍ਰਕਾਸ਼, ਹਰਨਲ ਲੇਨ, ਕੋਵੈਨਟਰੀ ਗੁਰਦਵਾਰਾ ਫ਼ੋਨ 0202-220960, ਭਾਈ ਮਹਿੰਦਰ ਸਿੰਘ ਅਠਵਾਲ ਫ਼ੋਨ 0203-665293

(2) ਮੇਨ ਸੈਂਟਰਲ ਸਮਾਗਮ ਚਾਰੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ ਸਮੇਂ 25.12 ਤੋਂ 27.12.90 ਤਕ ਸ੍ਰੀ ਅਖੰਡਪਾਠ, ਉਪਰੰਤ ਅਖੰਡ ਕੀਰਤਨ ਵਰਖਾ, ਗੁਰਦਵਾਰਾ (ਸਿਖ ਟੈਂਪਲ) ਮੈਡ-ਵੇ ਟਾਊਨ, ਕੌਂਸਕ ਸਟਰੀਟ, ਰੋਚੈਸਟਰ (ਕੈਂਟ) ਵਿਖੇ। ਫ਼ੋਨ ਭਾਈ ਹਰਬਖਸ਼ ਸਿੰਘ ਸਰਾਏ 0634-407547

(3) ਲੋਕਲ ਪ੍ਰੋਗਰਾਮ ਸ੍ਰੀ ਅਖੰਡਪਾਠ 16 ਤੋਂ 18 ਨਵੰਬਰ ਨੂੰ ਭਾਈ ਲਹਿੰਬਰ ਸਿੰਘ, 36-ਹਾਗਸਟੋਨ ਰੋਡ, ਸਲੋਅ (ਬਰਕਸ) ਵਿਖੇ। ਫ਼ੋਨ : 0753-75796

(4) ਲੋਕਲ ਪ੍ਰੋਗਰਾਮ ਕੀਰਤਨ ਰੈਣ ਸਬਾਈ 1-12-90 ਨੂੰ ਗੁਰਦਵਾਰਾ ਗੁਰੂ ਅਰਜਨ ਦੇਵ, ਕਰਾਮਵੈਲ ਰੋਡ, ਡਰਬੀ ਵਿਖੇ। ਗੁਰਦਵਾਰਾ ਫ਼ੋਨ 0332-32539, ਭਾਈ ਚੈਨ ਸਿੰਘ ਫ਼ੋਨ 0332-362977 ਅਤੇ 372851

**ਯੂ.ਕੇ. ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਣ ਲਈ ਪਤਾ (ਫ਼ੋਨ 0734-67900)**

Bhai Gurnam Singh, 10-Lambourne Gardens, Earley, Reading, Berke, U.K.

---

ਡਰਾਫਟ, ਮਨੀਆਰਡਰ ਤੇ ਚਿਠੀ ਪੱਤਰ ਭੇਜਣ ਦਾ ਪਤਾ (ਫ਼ੋਨ P.P, 44965)

**'ਸੂਰਾ' ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ**

www.AKJ.Org